

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 19

August 21, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ (ਦਿੱਲੀ) ਤੋੜੇ ਜਾਣ ਦੇ ਵਿਰੋਧ 'ਚ ਦਿੱਲੀ ਵਿਚ ਰੋਸ ਧਰਨਾ





ਰਾਮ ਲੀਲਾ ਗਰਾਊਂਡ ਨਵੀ ਦਿੱਲੀ ਵਿਖੇ ਵੱਖ-ਵੱਖ ਬੁਲਾਰੇ ਭਾਰਤ ਦੇ ਵੱਖ-ਵੱਖ ਸਥਾਨਾਂ ਤੋਂ ਪਹੁੰਚੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਅਤੇ। ਸਟੇਜ 'ਤੇ ਬੈਠੇ ਹਨ ਸੰਤ ਸਮਾਜ ਦੇ ਆਗੂ।

**ਨਵੀਂ ਦਿੱਲੀ (ਬਿਊਰੋ)-** ਸੁਪਰੀਮ ਕੋਰਟ ਦੇ ਹੁਕਮਾਂ 'ਤੇ ਦਿੱਲੀ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਮੰਦਰ ਤੋੜਨ ਦੇ ਵਿਰੋਧ ਵਿਚ ਅੱਜ 21 ਅਗਸਤ ਨੂੰ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿਖੇ ਧਰਨਾ ਦਿੱਤਾ ਗਿਆ, ਜਿਸ ਵਿਚ ਪੰਜਾਬ ਦੇ ਲੋਕਾਂ ਦਾ ਵਫ਼ਦ ਵੀ ਸਾਮਲ ਹੋਇਆ।

ਮੰਦਰ ਤੋੜਨ ਕਾਰਨ ਸਮਾਜ ਵਿਚ ਭਾਰੀ ਰੋਸ ਹੈ। 13 ਅਗਸਤ ਨੂੰ ਪੰਜਾਬ ਬੰਦ ਤੋਂ ਬਾਅਦ ਰਾਮ ਲੀਲਾ ਗਰਾਊਂਡ 'ਤੇ ਪ੍ਰਦਰਸ਼ਨ ਦਾ ਫ਼ੈਸਲਾ ਲਿਆ ਗਿਆ ਹੈ। ਸਮਾਜ ਦੇ ਕਈ ਲੋਕ ਪਹਿਲਾਂ ਹੀ ਦਿੱਲੀ ਪੁੱਜ ਚੁੱਕੇ ਹਨ।

ਮੰਗਲਵਾਰ ਨੂੰ ਸ੍ਰੀ ਗੁਰੂ ਰਵਿਦਾਸ ਸੰਘਰਸ਼ ਕਮੇਟੀ ਅਤੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਪੰਜਾਬ ਦੀ ਅਗਵਾਈ ਵਿਚ ਸਮਾਜ ਦੇ ਲੋਕ ਰਵਾਨਾ ਹੋਏ। ਸ੍ਰੀ ਗੁਰੂ ਰਵਿਦਾਸ ਸੰਘਰਸ਼ ਕਮੇਟੀ ਦੇ ਪ੍ਰਧਾਨ ਰੋਬਿਨ ਸਾਂਪਲਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪਵਿਤਰ ਮੰਦਰ ਤੋੜਨ ਨਾਲ ਵਿਸ਼ਵ ਭਰ 'ਚ ਬੈਠੇ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੀ ਹੈ। ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਪੰਜਾਬ ਦੇ ਪ੍ਰਧਾਨ ਕੁਲਵੰਤ ਰਾਮ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਨੇ ਕਿਹਾ ਕਿ ਦਿੱਲੀ ਦੇ ਤੁਗ਼ਲਕਾਬਾਦ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਮੰਦਰ ਦਾ ਨਿਰਮਾਣ ਹਰ ਹਾਲਤ ਵਿਚ ਕਰਵਾਇਆ ਜਾਵੇਗਾ।

ਪੰਜਾਬ ਵਿਚ ਸੱਤਾਧਾਰੀ ਕਾਂਗਰਸ ਨਾਲ ਹੀ ਅਕਾਲੀ ਦਲ-ਭਾਜਪਾ ਗਠਜੋੜ ਵੀ ਸ੍ਰੀ ਗੁਰੂ ਰਵਿਦਾਸ ਭਾਈਚਾਰੇ ਨੂੰ ਆਪਣਾ ਸਮਰਥਨ ਦੇ ਚੁੱਕਾ ਹੈ। ਆਮ ਆਦਮੀ ਪਾਰਟੀ ਨੇ ਗੇਂਦ ਕੇਂਦਰ ਸਰਕਾਰ ਦੇ ਪਾਲੇ 'ਚ ਸੁੱਟਦਿਆਂ ਮੰਦਰ ਦੇ ਪੁਨਰ ਨਿਰਮਾਣ ਦੀ ਗੱਲ ਕਹੀ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਬੀਤੇ ਦਿਨ ਸੁਪਰੀਮ ਕੋਰਟ ਨੇ ਮਾਮਲੇ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਉਸ ਦੇ ਆਦੇਸ਼ ਨੂੰ ਸਿਆਸੀ ਰੰਗਤ ਨਾ ਦਿੱਤੀ ਜਾਵੇ, ਉਸ ਦੀ ਪਾਲਣਾ ਯਕੀਨੀ ਕੀਤੀ ਜਾਵੇ।



ਬਸਪਾ ਵੱਲੋਂ ਪੰਜਾਬ ਵਿਧਾਨ ਸਭਾ ਦੇ ਦੋ ਵਾਰ ਵਿਧਾਇਕ ਰਹਿ ਚੁੱਕੇ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ (ਪਿੰਡ ਸਹੂੰਗੜਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਜੋ ਆਪਣੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਸ੍ਰੀ ਹਰਭਜਨ ਲਾਖਾ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਲਹਿਰ ਮਾਨਵਤਾਵਾਦ ਦੀ ਬਹਾਲੀ ਲਈ ਪੰਜਾਬ ਵਿਚ ਹੀ ਨਹੀਂ ਭਾਰਤ ਦੇ ਕੋਨੇ-ਕੋਨੇ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਲਹਿਰ ਨੂੰ ਮਜ਼ਬੂਤ ਕਰਨ ਵਿਚ ਸ਼ਲਾਘਾਯੋਗ ਰੋਲ ਨਿਭਾਇਆ। ਜਿਹਨਾਂ ਨੇ ਪੰਜਾਬ ਵਿਚ ਹੀ ਨਹੀਂ ਭਾਰਤ ਵਿਚ ਹੁੰਦੇ ਬਹੁਜਨ ਸਮਾਜ 'ਤੇ ਜ਼ੁਲਮ ਨੂੰ ਨੱਥ ਪਾਉਣ ਲਈ ਦੁਸ਼ਮਣ ਨੂੰ ਐਲਾਨੇ ਜੰਗ ਲਈ ਵੰਗਾਰਿਆ। ਸ਼ੇਰ ਦਿਲ ਨੌਜਵਾਨ ਪੰਜਾਬ ਦਾ ਮੁੱਖ ਬੁਲਾਰਾ ਬਣ ਕੇ ਪੰਜਾਬ ਵਿਚੋਂ ਉਭਰਿਆ, ਜਿਹਨਾਂ ਨੇ ਹਮੇਸ਼ਾ ਸਿਰਤਲੀ ਤੇ ਧਰ ਕੇ ਜ਼ੁਲਮ ਕਰਨ ਵਾਲੀ ਮਨੂੰਵਾਦੀ ਸੋਚ ਦਾ ਪੋਸਟ ਮਾਰਟਮ ਕੀਤਾ। ਜੋ 1992-1997, 1997-2002 ਵਿਧਾਨ ਸਭਾ ਗੜ੍ਹਸ਼ੰਕਰ ਤੋਂ ਜੇਤੂ ਰਹੇ। ਜੋ ਵਿਧਾਨ ਸਭਾ ਵਿਚ ਚੀਫ ਵਿੱਪ ਵੀ ਰਹੇ ਹਨ। ਇਹ ਵਿਚਾਰ ਕਿਸੇ ਸਮੇਂ ਸ੍ਰੀ ਸੀ. ਐਲ. ਚੁੰਬਰ ਜੀ ਨੇ ਸ੍ਰੀ ਸਹੂੰਗੜਾ ਬਾਰੇ ਵਿਅਕਤ ਕੀਤੇ ਸਨ। ਸ੍ਰੀ ਸਹੂੰਗੜਾ ਦੀ ਗ੍ਰਿਫਤਾਰੀ ਦਾ ਹਰ ਪਾਸੇ ਭਾਰੀ ਵਿਰੋਧ ਹੋ ਰਿਹਾ ਹੈ। **(ਹੋਰ ਜਾਣਕਾਰੀ ਲਈ ਸਫਾ 4 ਦੇਖੋ)**

## 2020 'ਚ ਚੋਣ ਹਾਰੇ ਤਾਂ ਦੇਸ਼ ਦਾ ਅਰਥਚਾਰਾ ਤਬਾਹ ਹੋ ਜਾਵੇਗਾ- ਟਰੰਪ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ 2020 'ਚ ਚੋਣ ਹਾਰੇ ਤਾਂ ਦੇਸ਼ ਦਾ ਅਰਥਚਾਰਾ ਤਬਾਹ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਵੋਟਰ ਜੋ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਪਸੰਦ ਨਾਪਸੰਦ ਵੀ ਕਰਦੇ ਹਨ, ਉਹ ਦੇਸ਼ ਦੀ ਤਰੱਕੀ ਤੇ ਬੇਰੁਜ਼ਗਾਰੀ ਦਰ ਘਟਾਉਣ ਲਈ ਉਨ੍ਹਾਂ ਨੂੰ ਵੋਟ ਦੇਣ। ਸੂਤਰ ਦੱਸਦੇ ਹਨ ਕਿ ਟਰੰਪ ਅਮਰੀਕੀ ਅਰਥਚਾਰੇ ਦੀ ਹਾਲਤ ਨੂੰ ਲੈ ਕੇ ਖ਼ੁਦ ਚਿੰਤਤ ਹਨ। ਉਨ੍ਹਾਂ ਨੂੰ ਡਰ ਹੈ ਕਿ ਚੋਣਾਂ ਤਕ ਕਿਤੇ ਅਮਰੀਕਾ ਦੀ ਆਰਿਥਕ ਸਥਿਤੀ ਗੜਬੜਾ ਨਾ ਜਾਵੇ।



ਦੁਨੀਆ ਦੇ ਵਿੱਤੀ ਬਾਜ਼ਾਰਾਂ ਨੇ ਇਸੇ ਹਫ਼ਤੇ ਅਮਰੀਕਾ 'ਚ ਮੰਦੀ ਦਾ ਦੌਰ ਸ਼ੁਰੂ ਹੋਣ ਦੇ ਸੰਕੇਤ ਦਿੱਤੇ ਹਨ। ਇਸ ਨਾਲ ਨਿਵੇਸ਼ਕਾਂ, ਕੰਪਨੀਆਂ ਤੇ ਉਪਭੋਗਤਾਵਾਂ 'ਚ ਬੇਚੈਨੀ ਵੇਖੀ ਜਾ ਰਹੀ ਹੈ। ਇਹ ਉਦੋਂ ਹੋ ਰਿਹਾ ਹੈ ਜਦੋਂ ਟਰੰਪ ਨੇ ਚੀਨ ਦੇ ਮਾਲ 'ਤੇ ਦੰਡਾਤਮਕ ਡਿਊਟੀ ਲਾਈ ਹੈ ਤੇ ਬਰਤਾਨੀਆ ਤੇ ਜਰਮਨੀ ਜਿਹੇ ਸਹਿਯੋਗੀ ਦੇਸ਼ਾਂ ਨੂੰ ਮੌਖਿਕ ਚਿਤਾਵਨੀ ਦਿੱਤੀ ਹੋਈ ਹੈ। ਦੋਵਾਂ ਸਹਿਯੋਗੀ ਦੇਸ਼ਾਂ ਦੇ ਅਰਥਚਾਰੇ ਵੀ ਕਮਜ਼ੋਰ ਪੈ ਰਹੇ ਹਨ। ਅਮਰੀਕਾ 'ਚ ਚੋਣਾਂ ਤੋਂ ਪਹਿਲਾਂ ਮੰਦੀ ਰਾਸ਼ਟਰਪਤੀ ਟਰੰਪ 'ਤੇ ਭਾਰੀ ਪੈ ਸਕਦੀ ਹੈ। ਕਿਉਂਕਿ ਉਨ੍ਹਾਂ ਨੇ ਅਰਥਚਾਰੇ ਨੂੰ ਮਜ਼ਬੂਤ ਕਰਨ ਦਾ ਨਾਅਰਾ ਦੇ ਕੇ ਪਹਿਲੀ ਚੋਣ ਜਿੱਤੀ ਸੀ ਤੇ ਦੂਜੀ ਚੋਣ ਲਈ ਵੀ ਉਹ ਜਨਤਾ ਨੂੰ ਇਹੀ ਸੁਪਨਾ ਵਿਖਾਉਣ ਵਾਲੇ ਸਨ। ਟਰੰਪ ਦੇ ਸਲਾਹਕਾਰਾਂ ਨੂੰ ਡਰ ਹੈ ਕਿ ਕਮਜ਼ੋਰ ਆਰਿਜਥਕ ਸਥਿਤੀ ਨਾਲ ਚੋਣਾਂ 'ਚ ਨੁਕਸਾਨ ਹੋ ਸਕਦਾ ਹੈ। ਨਰਮਪੰਥੀ ਰਿਪਬਲਿਕਨ ਤੇ ਮੱਧਮਾਰਗੀ ਵਿਚਾਰਧਾਰਾ ਦੇ ਵੋਟਰ ਟਰੰਪ ਦੇ ਬਦਲ 'ਤੇ ਵਿਚਾਰ ਕਰ ਸਕਦੇ ਹਨ। ਹੁਣ ਵ੍ਹਾਈਟ ਹਾਊਸ ਦੇ ਸਲਾਹਕਾਰ ਅਜਿਹੇ ਬਦਲਾਂ 'ਤੇ ਵਿਚਾਰ ਕਰ ਰਹੇ ਹਨ। ਜਿਸ ਨਾਲ ਢਲਾਣ 'ਤੇ ਆ ਰਿਹਾ ਅਰਥਚਾਰਾ ਆਪਣਾ ਰਸਤਾ ਬਦਲੇ।




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms, Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਡ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK
INS
WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਮੇਜਰ ਲੀਗ ਕਬੱਡੀ ਫੈਡੇਸ਼ਨ ਦੇ ਸਹਿਯੋਗ ਨਾਲ ਹੋਵੇਗਾ 15 ਸਤੰਬਰ ਦਾ ਇਤਿਹਾਸਕ 15ਵਾਂ ਵਿਸ਼ਵ ਕਬੱਡੀ ਕੱਪ- ਅਮੋਲਕ ਸਿੰਘ ਗਾਖ਼ਲ

## ਧਾਰਮਿਕ, ਸਮਾਜਿਕ ਤੇ ਸਾਹਿਤਕ ਖੇਤਰ ਦੀਆਂ 5 ਸਖਸ਼ੀਅਤਾਂ ਦਾ ਹੋਵੇਗਾ ਵਿਸ਼ੇਸ਼ ਸਨਮਾਨ

**ਵਾਟਸਨਵਿੱਲ (ਬਿਓਰੋ)-** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਵਲੋਂ 15 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਕਰਵਾਇਆ ਜਾਣ ਵਾਲਾ 15ਵਾਂ ਵਿਸ਼ਵ ਕਬੱਡੀ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਕੀਰਤੀਮਾਨ ਸਥਾਪਿਤ ਕਰੇਗਾ। ਖੇਡ ਮੇਲੇ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਜਿੱਥੇ ਦੁਨੀਆਂ ਭਰ ਦੇ ਮਸ਼ਹੂਰ ਕਬੱਡੀ ਖਿਡਾਰੀ ਆਪਣੀ ਕਬੱਡੀ ਖੇਡ ਦੇ ਜੌਹਰ ਦਿਖਾਉਣਗੇ ਉੱਥੇ ਤੀਰਥ ਸਿੰਘ ਗਾਖਲ, ਬਲਜੀਤ ਸਿੰਘ ਸੰਧੂ ਅਤੇ ਮੱਖਣ ਸਿੰਘ ਧਾਲੀਵਾਲ ਦੀ ਅਗਵਾਈ ਵਾਲੀ ਕਮੇਟੀ ਇਸ ਗੱਲ ਨੂੰ ਯਕੀਨੀ ਬਣਾਵੇਗੀ ਕਿ ਸਾਰੀਆਂ ਟੀਮਾਂ ਵਿਚ ਬਰਾਬਰ ਦੇ ਖਿਡਾਰੀ ਹੋਣਗੇ ਤੇ ਪਹਿਲੀ ਵਾਰ ਹੋਵੇਗਾ ਕਿ ਹਰ ਮੈਚ ਹੀ ਫਾਈਨਲ ਭੇੜ ਵਰਗਾ ਦੇਖਣ ਨੂੰ ਮਿਲੇਗਾ। ਸ. ਗਾਖਲ ਨੇ ਕਿਹਾ ਕਿ ਇਸ 15ਵੇਂ ਕਬੱਡੀ ਕੱਪ ਦੀ ਇਤਿਹਾਸਕ ਮਹੱਤਤਾ ਨੂੰ ਦੇਖਦਿਆਂ ਪ੍ਰਬੰਧਾਂ ਵਿਚ ਕਿਸੇ ਵੀ ਕਿਸਮ ਦੀ ਕਮੀ ਪੇਸ਼ੀ ਨਹੀਂ ਰਹਿਣ ਦਿੱਤੀ ਜਾਵੇਗੀ। ਹਜ਼ਾਰਾਂ ਦੀ ਗਿਣਤੀ ਵਿਚ ਇਸ ਕਬੱਡੀ ਕੱਪ ਦਾ ਅਨੰਦ ਮਾਨਣ ਲਈ ਆਉਣ ਵਾਲੀਆਂ ਸੰਗਤਾਂ ਨੂੰ ਖਾਣ ਪੀਣ ਦੇ ਨਾਲ ਨਾਲ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਸ. ਗਾਖਲ ਨੇ ਕਿਹਾ ਕਿ ਕਬੱਡੀ ਦੇ ਤਕਨੀਕੀ ਪ੍ਰਬੰਧਾਂ ਲਈ ਕਮੇਟੀ ਬਣਾਈ ਗਈ ਹੈ ਤਾਂ ਜੋ ਕਿਸੇ ਨੂੰ ਵੀ ਕਿਸੇ ਕਿਸਮ ਦੀ ਕੋਈ ਸ਼ੱਕ ਜਾਂ ਗੁੰਜਾਇਸ਼ ਨਾ ਰਹੇ। ਕਿਉਂਕਿ ਇਹ ਕਬੱਡੀ ਕੱਪ ਪੂਰੀ ਤਰ੍ਹਾਂ ਡਰੱਗ ਮੁਕਤ ਹੋਵੇਗਾ।



ਉਨ੍ਹਾਂ ਇਹ ਵੀ ਮਾਣ ਨਾਲ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਖੇਡ ਮੇਲੇ ਵਿਚ ਸਮਾਜਿਕ, ਸਾਹਿਤਕ ਅਤੇ ਧਾਰਮਿਕ ਖੇਤਰ ਦੀਆਂ ਪੰਜ ਅਹਿਮ ਸਖਸ਼ੀਅਤਾਂ ਨੂੰ ਸਨ-ਮਾਨਿਤ ਕੀਤੇ ਜਾਣ ਦਾ ਫੈਸਲਾ ਵੀ ਲਿਆ ਗਿਆ ਹੈ ਜਿਨ੍ਹਾਂ ਵਿਚ ਸਹਾਇਤਾ ਸੰਸਥਾ ਦੇ ਡਾ. ਹਰਕੇਸ਼ ਸੰਧੂ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਤੇ ਸਾਹਿਤਕਾਰ ਤਰਲੋਚਨ ਸਿੰਘ ਦੁਪਾਲਪੁਰ ਅਤੇ ਬੀਬੀ ਸੁਰ-ਜੀਤ ਕੌਰ ਸੈਕਰਾਮੈਂਟੋ ਦੀ ਚੋਣ ਕੀਤੀ ਗਈ ਹੈ।

ਇਕ ਵੱਖਰੇ ਬਿਆਨ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਪ੍ਰਣ ਲੈਣਾ ਚਾਹੀਦਾ ਹੈ ਕਿ ਇਹ ਕਬੱਡੀ ਕੱਪ ਸਿੱਖ ਇਤਿਹਾਸ ਤੇ ਧਾਰਮਿਕ ਪ੍ਰੰਪਰਾਵਾਂ ਨਾਲ ਜੁੜਦਾ ਹੈ।

ਇਸ ਲਈ ਅਸੀਂ ਵੀ ਕਿਸੇ ਤਰ੍ਹਾਂ ਦਾ ਕੋਈ ਨਸ਼ਾ ਕਰਕੇ ਖੇਡ ਮੇਲੇ ਵਿਚ ਨਾ ਪਹੁੰਚੀਏ। ਗੁਰੂ ਨਾਨਕ ਪਾਤਸ਼ਾਹ ਦੇ ਦਿਹਾੜੇ ਨੂੰ ਸਮਰਪਿਤ ਇਹ ਕਬੱਡੀ ਕੱਪ ਸਿੱਖ ਕੌਮ ਅਤੇ ਪੰਜਾਬੀਆਂ ਦੀ ਸ਼ਾਨ ਉੱਚੀ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤਾਂ ਦੀ ਵੱਡੀ ਆਮਦ ਦੀ ਉਮੀਦ ਨੂੰ ਮੁੱਖ ਰੱਖਦਿਆਂ ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਦੇ ਨਾਲ ਨਾਲ ਇਸ ਮੌਕੇ 'ਤੇ ਪੁਲਿਸ ਵਿਭਾਗ ਵਲੋਂ ਵਿਸ਼ੇਸ਼ ਭਰਤੀ ਕੈਂਪ ਵੀ ਲਗਾਇਆ ਜਾ ਰਿਹਾ ਹੈ ਜਿਸ ਵਿਚ ਨੌਜਵਾਨਾਂ ਨੂੰ ਅਮਰੀਕਨ ਪੁਲਿਸ ਵਿਚ ਸ਼ਾਮਿਲ ਹੋਣ ਦਾ ਪੂਰਨ ਮੌਕਾ ਮਿਲੇਗਾ।



ਸ. ਗਾਖਲ ਨੇ ਖੁਸ਼ੀ ਨਾਲ ਕਿਹਾ ਕਿ ਸਪਾਂਸਰਾਂ ਵਲੋਂ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਵਾਰ ਇਤਿਹਾਸਕ ਟੂਰਨਾਮੈਂਟ ਕਰਕੇ ਹੋਰ ਵੀ ਸਹਿਯੋਗ ਮਿਲ ਰਿਹਾ ਹੈ। ਸੰਚਾਰ ਸਾਧਨਾਂ ਦੀ ਮਦਦ ਨਾਲ ਇਸ ਖੇਡ ਮੇਲੇ ਨੂੰ ਹਰ ਕਬੱਡੀ ਪ੍ਰੇਮੀ ਦੀ ਅੱਖ ਤੱਕ ਪੁੱਜਦਾ ਕਰਨ ਲਈ ਪ੍ਰਬੰਧ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਇਤਿਹਾਸਕ ਕਬੱਡੀ ਕੱਪ ਦਾ ਨਵਾਂ ਇਤਿਹਾਸ ਸਿਰਜਣ ਲਈ ਪੰਜਾਬੀ ਤੇ ਸਿੱਖ ਜਗਤ ਆਪਣਾ ਬਣਦਾ ਯੋਗਦਾਨ ਪਾਵੇਗਾ।

ਅੱਜ ਦੀ ਇਸ ਮੀਟਿੰਗ ਵਿਚਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਬੈਸ ਚੇਅਰਮੈਨ, ਇਕਬਾਲ ਸਿੰਘ ਗਾਖਲ ਉਪ ਚੇਅਰਮੈਨ, ਜੁਗਰਾਜ ਸਿੰਘ ਸਹੋਤਾ ਪ੍ਰਧਾਨ, ਪਲਵਿੰਦਰ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ ਵਿੱਤ ਸਕੱਤਰ, ਐੱਸ.ਅਸ਼ੋਕ. ਭੌਰਾ ਜਨਰਲ ਸਕੱਤਰ, ਸਾਧੂ ਸਿੰਘ ਖਲੌਰ, ਦੇਬੀ ਸੋਹਲ, ਇੰਦਰਜੀਤ ਥਿੰਦ, ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਅਮਰਦੀਪ ਸਿੰਘ, ਬਲਜਿੰਦਰ ਸਿੰਘ, ਕਾਲਾ ਗਾਖਲ, ਗੁਰਨਾਮ ਸਿੰਘ ਵੜੈਚ, ਕਿਰਨਦੀਪ ਸਿੰਘ ਵੀ ਸ਼ਾਮਿਲ ਹੋਏ।

# ਸਪੋਰਟਸ ਅਥਾਰਟੀ ਆਫ ਇੰਡੀਆ ਦੇ ਸਾਬਕਾ ਕੁਸ਼ਤੀ ਕੋਚ ਭਜਨ ਸਿੰਘ ਦਾ ਦੇਹਾਂਤ

**ਜਲੰਧਰ (ਤਰਸੇਮ ਜਲੰਧਰੀ)-** ਸਪੋਰਟਸ ਅਥਾਰਟੀ ਆਫ ਇੰਡੀਆ ਦੇ ਸਾਬਕਾ ਕੁਸ਼ਤੀ ਕੋਚ ਭਜਨ ਸਿੰਘ 13 ਅਗਸਤ ਦਿਨ ਮੰਗਲਵਾਰ ਨੂੰ ਅਕਾਲ ਚਲਾਣਾ ਕਰ ਗਏ, ਜਿਸ ਨਾਲ ਕੁਸ਼ਤੀ ਪ੍ਰੇਮੀਆਂ ਤੇ ਪਹਿਲਵਾਨਾਂ ਵਿਚ ਸੋਕ ਦੀ ਲਹਿਰ ਛਾ ਗਈ ਹੈ। ਕੋਚ ਭਜਨ ਸਿੰਘ ਲੰਮਾ ਸਮਾਂ ਜਲੰਧਰ ਦੇ ਹੰਸ ਰਾਜ ਸਟੇਡੀਅਮ ਵਿਚ ਕੁਸ਼ਤੀ ਸੈਂਟਰ ਚਲਾਉਂਦੇ ਰਹੇ, ਜਿੱਥੇ ਉਹਨਾਂ ਨੇ ਆਪਣੀ ਮਿਹਨਤ ਤੇ ਲਗਨ ਨਾਲ ਕਈ ਅੰਤਰ ਰਾਸ਼ਟਰੀ ਤੇ ਰਾਸ਼ਟਰੀ ਪਹਿਲਵਾਨ ਪੈਦਾ ਕੀਤੇ। ਉਹਨਾਂ ਦੀ ਇਮਾਨਦਾਰੀ ਤੇ ਅਸੂਲਾਂ ਦੇ ਪੱਕੇ ਹੋਣ ਕਰਕੇ ਇਕ ਵੱਖਰੀ ਪਹਿਚਾਣ ਸੀ।

ਉਹਨਾਂ ਦੀ ਮੌਤ ਤੇ ਸਾਬਕਾ ਕੋਚ ਗੁਰਪਾਲ ਸਿੰਘ, ਕੋਚ ਗੁਰਚਰਨ ਸਿੰਘ ਢਿੱਲੋਂ, ਕੋਚ ਸੁਖਵੀਰ ਸਿੰਘ, ਪਹਿਲਵਾਨ ਜਗਦੀਪ ਸਿੰਘ, ਰਣਧੀਰ ਸਿੰਘ, ਸੁਰਿੰਦਰ ਸਿੰਘ, ਹਰਕਮਲ ਸਿੰਘ, ਨਵਤੇਜ ਸਿੰਘ, ਮੇਅਰ ਹਰਦੀਪ ਸਿੰਘ ਕੈਲੇਫੋਰਨੀਆ, ਸਤਨਾਮ ਸਿੰਘ, ਕਰਨ ਸਿੰਘ ਨਿਊਯਾਰਕ, ਸੋਨੂੰ ਅਟਵਾਲ ਉਰੇਗਨ, ਅਰਵਿੰਦ ਸਿੰਘ, ਰਾਜੂ ਭਿੰਡਰ ਕੈਨੇਡਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੀ ਧਰਮ ਪਤਨੀ ਅਮਰਜੀਤ ਕੌਰ ਨਾਲ 91-94178-92108 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਦੇਸ਼ ਦੁਆਬਾ' ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ, ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ।


ਕੋਚ ਭਜਨ ਸਿੰਘ

# ਮੇਲਾ ਗਦਰੀ ਬਾਬਿਆਂ ਦਾ, ਦੀਆਂ ਤਿਆਰੀ ਮੁਕੰਮਲ

## ਪ੍ਰਸਿੱਧ ਖੋਜੀ ਚਰੰਜੀ ਲਾਲ ਕਾਂਗਣੀਵਾਲ ਹੋਣਗੇ ਮੁੱਖ ਮਹਿਮਾਨ

**ਸੈਕਰਾਮੈਂਟੋ (ਬਿਊਰੋ)-** ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੇਫੋਰਨੀਆ ਵੱਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਜਾ ਰਹੇ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਸਤੰਬਰ ਪਹਿਲੀ, ਐਤਵਾਰ ਨੂੰ ਇਸ ਮੇਲੇ ਦੇ ਮੁੱਖ ਮਹਿਮਾਨ ਦੇਸ਼ ਭਗਤ ਯਾਦਗਾਰ ਜਲੰਧਰ ਦੇ ਟਰੱਸਟੀ ਤੇ ਗਦਰ ਲਹਿਰ ਦੇ ਪ੍ਰਸਿੱਧ ਖੋਜੀ ਚਰੰਜੀ ਲਾਲ ਕਾਂਗਣੀਵਾਲ ਹੋਣਗੇ।

ਸਭਿਆਚਾਰਕ ਪ੍ਰੋਗਰਾਮ ਵਿਚ ਢਾਡੀ ਜਥਾ (ਅਵਤਾਰ ਸਿੰਘ ਹੀਰਾ), ਪੰਮੀ ਮਾਨ, ਪੂਨਮ ਮਲਹੋਤਰਾ ਤੇ ਮੁੱਖ ਕਲਾਕਾਰ ਗਿੱਲ ਹਰਦੀਪ ਅਤੇ ਮੱਖਣ ਬਰਾੜ ਪਹੁੰਚ ਰਹੇ ਹਨ। ਯੂਨੀਵਰਸਿਟੀ ਵੱਲੋਂ ਭੰਗੜੇ, ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ। ਜਲਿ-ਆਂ ਵਾਲੇ ਬਾਗ ਦੇ ਖੂਨੀ ਘਾਣ ਦੀ ਸ਼ਤਾਬਦੀ 'ਤੇ ਹੋਣ ਜਾ ਰਹੇ ਮੇਲੇ 'ਤੇ ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ। ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ ਹੋਵੇਗਾ।

ਆਓ ਸਾਰੇ ਹੁੰਮ ਹੁੰਮਾ ਕੇ ਗਦਰੀ ਬਾਬਿਆਂ ਨੂੰ ਉਹਨਾਂ ਦੀਆਂ ਕੁਰਬਾਨੀਆਂ ਨੂੰ ਸਜਦਾ ਕਰਨ ਲਈ 1 ਸਤੰਬਰ 2019, ਐਤਵਾਰ ਨੂੰ ਐਸ. ਈ. ਐਸ. ਹਾਲ 10422 ਈਸਟ ਸਟਾਕਨ, ਬੁਲੇਵਾਰਡ, ਐਲਕ ਗਰੋਵ ਸੈਕਰਾਮੈਂਟੋ (ਕੈਲੇਫੋਰਨੀਆ) 95624 ਪਹੁੰਚੀਏ। ਹੋਰ ਜਾਣਕਾਰੀ ਲਈ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨਾਲ 916-420-2390 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ

# ਫਰਡਿਊਸ ਪ੍ਰੋਡਕਸ਼ਨ ਵੱਲੋਂ ਕਲੋਵਸ ਵਿਖੇ ਸਤਿੰਦਰ ਸਰਤਾਜ਼ ਦਾ ਸ਼ੋਅ ਯਾਦਗਾਰੀ ਹੋ ਨਿਬੜਿਆ







**ਫਰਿਜਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ):** ਫਰਡਿਊਸ ਪ੍ਰੋਡਕਸ਼ਨ ਦੇ ਨਾਜ਼ਰ ਸਿੰਘ ਸਹੋਤਾ, ਅਮਰਜੀਤ ਸਿੰਘ ਦੌਧਰ, ਗੁਰਿੰਦਰਜੀਤ ਨੀਟਾ ਮਾਛੀਕੇ ਅਤੇ ਕਿੱਟੀ ਗਿੱਲ ਫਰਿਜਨੋ ਦੇ ਨਜ਼ਦੀਕੀ ਸ਼ਹਿਰ ਕਲੋਵਸ ਦੇ ਹਾਈ ਸਕੂਲ ਦੇ ਨੌਰਥ ਪਰਫੌਰਮਿੰਗ ਆਰਟਸ ਸੈਂਟਰ ਵਿੱਚ ਉੱਘੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਦਾ ਸ਼ਾਨਦਾਰ ਸ਼ੋਅ ਕਰਵਾਇਆ ਗਿਆ। ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਦੇ ਹੋਏ ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ 'ਜੀ ਆਇਆ' ਕਹਿੰਦੇ ਹੋਏ ਸ਼ਾਇਰਾਨਾ ਅੰਦਾਜ ਨਾਲ ਕੀਤੀ। ਇਸ ਮੌਕੇ ਦਰਸ਼ਕਾਂ ਨਾਲ ਖਚਾ-ਖਚ ਭਰੇ ਹਾਲ ਅੰਦਰ ਸਤਿੰਦਰ ਸਰਤਾਜ ਦਾ ਤਾੜੀਆਂ ਦੀ ਗੂੰਜ ਵਿੱਚ ਸੁਆਗਤ ਹੋਇਆ। ਸਤਿੰਦਰ ਸਰਤਾਜ ਨੇ ਆਪਣੇ ਨਵੇਂ ਪੁਰਾਣੇ ਗੀਤਾ ਦੀ ਲੜੀਵਾਰ ਅਜਿਹੀ ਛਹਿਬਰ ਲਾਈ ਕਿ ਹਰ ਇੱਕ ਪੱਬ ਢੋਲ ਦੇ ਡੱਗੇ ਤੇ ਥਿਰਕਨ ਲਈ ਕਾਹਲਾ ਪੈ ਰਿਹਾ ਸੀ।

ਸਤਿੰਦਰ ਸਰਤਾਜ ਨੇ 'ਸਾਂਈ ਵੇ ਸਾਡੀ ਫ਼ਰਿਆਦ ਤੇਰੇ ਤਾਈ' ਤੋਂ ਪ੍ਰੋਗਰਾਮ ਸ਼ੁਰੂ ਕਰਦਿਆਂ 'ਦੁਸ਼ਮਣ ਵੀ ਹੋਵੇ ਭਾਵੇਂ ਦਸਤਾਰ ਕਦੇ ਨੀ ਲਾਹੀਦੀ', 'ਜਿੱਤ ਦੇ ਨਿਸ਼ਾਨ ਸਦਾ ਲਾਏ ਜਾਂਦੇ ਝੰਡੇ ਨਾਲ ਪਹਿਲਾ ਵਾਰ ਕਲਮਾਂ ਦਾ ਪਿੱਛੋਂ ਵਾਰ ਖੰਡੇ ਨਾਲ', 'ਚਾਰ ਹੀ ਤਰੀਕਿਆਂ ਨਾਂ ਬੰਦਾ ਕਰੇ ਕੰਮ ਸ਼ੌਕ ਨਾਲ', 'ਪਿਆਰ ਨਾਲ, ਲਾਲਚ ਜਾ ਡੰਡੇ ਨਾਲ', 'ਹੋਰ ਦੱਸ ਕੀ ਭਾਲਦੀ ਅੱਧੀ ਕਿੱਕ ਤੇ ਸਟਾਰਟ ਮੇਰਾ ਜਾਮਾ', 'ਅਜੇ ਘੜਾ ਅੰਕਲ ਦਾ ਊਣਾ ਏ ਜਦ ਭਰਕੇ ਡੁਲੂ ਵੇਖਾਂਗੇ', 'ਹੁਣ ਦੇਰ ਨਹੀਂ ਦਿਨਾਂ 'ਚ ਰੱਬ ਛੇਤੀ ਹੀ ਕਰਾਊ ਬੱਲੇ ਬੱਲੇ ਲਾ ਲੈ ਢੋਲਕੀ ਨੂੰ ਆਟਾ ਪਾ ਲੈ ਪੰਜੇ ਉਂਗਲਾਂ 'ਚ ਛੱਲੇ', ਆਦਿਕ ਬਹੁਤ ਸਾਰੇ ਮਕਬੂਲ ਗੀਤਾਂ ਰਾਹੀ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ।

ਜਦੋਂ ਸਰਤਾਜ ਨੇ 'ਮੈਂ ਗੁਰਮੁਖੀ ਦਾ ਬੇਟਾ ਮੈਨੂੰ ਤੋਰਦੇ ਨੇ ਅੱਖਰ' ਗਾਇਆ ਤਾਂ ਜਿਵੇਂ ਸਾਰਾ ਹਾਲ ਹੀ ਉਸਦੇ ਨਾਲ ਗੌਣ ਲੱਗ ਪਿਆ। ਇਸ ਸਮੇਂ ਛੋਟੇ ਬੱਚੇ ਗੁਰਮੁੱਖੀ ਲਿਖੀਆਂ ਟੀ ਸ਼ਰਟਾਂ ਪਹਿਨੇ ਹੋਏ ਸਟੇਜ ਤੇ ਪਹੁੰਚੇ ਤਾਂ ਪ੍ਰੋਗਰਾਮ ਇੱਕ ਤਰਾਂ ਨਾਲ ਚਰਮ ਸੀਮਾਂ ਤੇ ਪਹੁੰਚ ਗਿਆ। ਇਸ ਸ਼ੋਅ ਦੌਰਾਨ ਫਰਿਜ਼ਨੋ ਦੀਆਂ ਸਿਰਕੱਢ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ।

ਪ੍ਰੋਗਰਾਮ ਦੇ ਅੰਤ ਵਿੱਚ ਪੱਤਰਕਾਰ ਨੀਟਾ ਮਾਛੀਕੇ ਨੇ ਸਮੂੰਹ ਸਪਾਂਸਰ ਤੇ ਦਰਸ਼ਕ ਵੀਰਾਂ ਦਾ ਧੰਨਵਾਦ ਕੀਤਾ। ਸਾਹਿੱਤਕ ਰੰਗ ਵਿੱਚ ਰੰਗਿਆ ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿਬੜਿਆ।

ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਐਨ ਕੇ ਆਰ ਐਸ ਟਰੱਕਿੰਗ ਵਾਲੇ ਅਮੋਲਕ ਸਿੱਧੂ (ਭੋਲੇ) ਨੇ ਸ਼ਾਨਦਾਰ ਰਾਤਰੀ ਦੇ ਭੋਜਨ ਦਾ ਪ੍ਰਬੰਧ ਇੰਡੀਆ ਕਬਾਬ ਰੈਸਟੋਰਿੰਟ ਵਿੱਚ ਕੀਤਾ। ਬਿਨਾਂ ਕਿਸੇ ਅੜਚਨ ਦੇ ਇਹ ਪ੍ਰੋਗਰਾਮ ਦਰਸ਼ਕਾਂ ਦੇ ਭਾਰੀ ਇਕੱਠ ਦਰਮਿਆਨ ਬੇਹੱਦ ਕਾਮਯਾਬ ਰਿਹਾ ਅਤੇ ਇਸ ਕਾਮਯਾਬੀ ਦਾ ਸਿਹਰਾ ਪ੍ਰਮੋਟਰ ਵੀਰਾ ਸਿਰ ਜਾਂਦਾ ਹੈ।

# ਟਰੰਪ ਨੇ ਇਮਰਾਨ ਖ਼ਾਨ ਨੂੰ ਭਾਰਤ ਬਾਰੇ ਗਲਤ ਬਿਆਨਬਾਜ਼ੀ ਤੋਂ ਵਰਜਿਆ

**ਵਾਸ਼ਿੰਗਟਨ–** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਕਸ਼ਮੀਰ ਮੁੱਦੇ 'ਤੇ ਭਾਰਤ ਬਾਰੇ ਬਿਆਨਬਾਜ਼ੀ ਕਰਨ ਸਮੇਂ ਇਹਤਿਆਤ ਰੱਖਣ ਲਈ ਕਿਹਾ ਹੈ। ਟਰੰਪ ਨੇ ਦੋਵਾਂ ਧਿਰਾਂ ਨੂੰ ਸੰਜਮ ਰੱਖਣ ਤੇ ਖੇਤਰ ਵਿੱਚ ਵਿਗੜੀ ਸਥਿਤੀ ਨੂੰ ਸੁਧਾਰਨ 'ਤੇ ਜ਼ੋਰ ਦਿੱਤਾ। ਟਰੰਪ ਨੇ ਬੀਤੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਇਮਰਾਨ ਖਾਨ ਨਾਲ 'ਤੇ ਗੱਲ ਕੀਤੀ ਤੇ ਕਸ਼ਮੀਰ ਮਸਲੇ 'ਤੇ ਦੋਵਾਂ ਮੁਲਕਾਂ ਵਿਚਾਲੇ ਤਣਾਅ ਬਾਰੇ ਜਾਣਕਾਰੀ ਹਾਸਲ ਕੀਤੀ।



ਮੋਦੀ ਤੇ ਖਾਨ ਨਾਲ ਗੱਲਬਾਤ ਮਗਰੋਂ ਟਰੰਪ ਨੇ ਟਵੀਟ ਕੀਤਾ, 'ਆਪਣੇ ਦੋ ਚੰਗੇ ਦੋਸਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਨਾਲ ਕਾਰੋਬਾਰ, ਕੂਟਨੀਤਕ ਭਾਈਵਾਲੀ ਅਤੇ ਖਾਸ ਤੌਰ 'ਤੇ ਭਾਰਤ-ਪਾਕਿਸਤਾਨ ਵਿਚਾਲੇ ਕਸ਼ਮੀਰ ਮਸਲੇ ਨੂੰ ਲੈ ਕੇ ਪੈਦਾ ਹੋਈ ਸਥਿਤੀ ਬਾਰੇ ਗੱਲ ਕੀਤੀ।' ਉਨ੍ਹਾਂ ਕਿਹਾ, 'ਇਹ ਕਸੂਤੀ ਸਥਿਤੀ ਹੈ, ਪਰ ਚੰਗੀ ਗੱਲਬਾਤ ਹੋਈ।' ਵ੍ਹਾਈਟ ਹਾਊਸ ਦੇ ਪ੍ਰਿੰਸੀਪਲ ਡਿਪਟੀ ਪ੍ਰੈੱਸ ਸਕੱਤਰ ਹੌਗਨ ਗਿਡਲੇ ਨੇ ਕਿਹਾ ਕਿ ਟਰੰਪ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਖੇਤਰ 'ਚ ਬਣੀ ਸਥਿਤੀ ਬਾਰੇ ਜਾਣਕਾਰੀ ਲਈ। ਸ੍ਰੀ ਮੋਦੀ ਨੇ ਗੱਲਬਾਤ ਦੌਰਾਨ ਪਾਕਿਸਤਾਨੀ ਆਗੂਆਂ ਵੱਲੋਂ ਭਾਰਤ ਬਾਰੇ ਕੀਤੀ ਜਾ ਰਹੀ ਭੜਕਾਊ ਬਿਆਨਬਾਜ਼ੀ ਕਰਨ ਦਾ ਮੁੱਦਾ ਚੁੱਕਿਆ। ਟਰੰਪ ਨੇ ਦੋਵਾਂ ਮੁਲਕਾਂ ਵਿਚਾਲੇ ਆਰਥਿਕ, ਕਾਰੋਬਾਰੀ ਸਮਝੌਤੇ ਮਜ਼ਬੂਤ ਕਰਨ ਬਾਰੇ ਗੱਲਬਾਤ ਵੀ ਕੀਤੀ। ਜ਼ਿਕਰਯੋਗ ਹੈ ਕਿ ਲੰਘੇ ਐਤਵਾਰ ਨੂੰ ਇਮਰਾਨ ਖਾਨ ਨੇ ਭਾਰਤ ਸਰਕਾਰ ਨੂੰ ਫਾਸ਼ੀਵਾਦੀ ਕਿਹਾ ਸੀ। ਵ੍ਹਾਈਟ ਹਾਊਸ ਨੇ ਦੱਸਿਆ ਕਿ ਟਰੰਪ ਨੇ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਨਾਲ ਵੀ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਜੰਮੂ ਕਸ਼ਮੀਰ ਦੇ ਮੁੱਦੇ 'ਤੇ ਭਾਰਤ ਬਾਰੇ ਬਿਆਨਬਾਜ਼ੀ ਕਰਨ ਸਮੇਂ ਸੰਜਮ ਵਰਤਣ ਨੂੰ ਕਿਹਾ ਹੈ। ਗੱਲਬਾਤ ਦੌਰਾਨ ਟਰੰਪ ਨੇ ਦੋਵਾਂ ਧਿਰਾਂ ਨੂੰ ਹਾਲਾਤ ਸੁਧਾਰਨ ਲਈ ਉਤਸ਼ਾਹਿਤ ਕੀਤਾ।

# ਬੇਅਦਬੀ ਮਾਮਲਾ: ਕਲੋਜ਼ਰ ਰਿਪੋਰਟ ਵਿਰੁੱਧ ਅਦਾਲਤ ਪੁੱਜੀ ਪੰਜਾਬ ਸਰਕਾਰ

ਐਸ.ਏ.ਐਸ. ਨਗਰ- ਬਰਗਾੜੀ ਬੇਅਦਬੀ ਮਾਮਲੇ ਵਿੱਚ ਪੰਜਾਬ ਸਰਕਾਰ ਨੇ ਸੀਬੀਆਈ ਦੀ ਕਲੋਜ਼ਰ ਰਿਪੋਰਟ ਵਿਰੁੱਧ ਅਦਾਲਤ ਦਾ ਬੂਹਾ ਖੜਕਾਇਆ ਹੈ। ਵਿਸ਼ੇਸ਼ ਅਦਾਲਤ ਨੇ ਸੀਬੀਆਈ ਨੂੰ 29 ਅਗਸਤ ਨੂੰ ਪੇਸ਼ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ ਹੈ। ਇਸ ਸਬੰਧੀ ਸਰਕਾਰ ਨੇ ਮੁਹਾਲੀ ਦੀ ਸੀ ਬੀ ਆਈ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦਿੰਦਿਆਂ ਪ੍ਰੋਟੈਸਟ ਪਟੀਸ਼ਨ ਦਾਇਰ ਕਰ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੇਅਦਬੀ ਮਾਮਲੇ ਦੀ ਜਾਂਚ ਵਿੱਚ ਅੜਿੱਕੇ ਡਾਹੁਣ ਦੀਆਂ ਕੋਸ਼ਿਸ਼ਾਂ 'ਤੇ ਅਕਾਲੀਆਂ ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਮਾਮਲੇ ਦੀ ਤੈਅ ਤੱਕ ਜਾਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੱਲੋਂ ਬੇਅਦਬੀ ਮਾਮਲੇ ਵਿੱਚ ਸਰਕਾਰ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ-ਚਿੰਨ੍ਹ ਲਾਉਣ ਦੇ ਦੋਸ਼ਾਂ ਬਾਰੇ ਪੁੱਛੇ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ



ਸਰਕਾਰ ਸੀਬੀਆਈ ਦੀ ਕਲੋਜ਼ਰ ਰਿਪੋਰਟ ਵਿਰੁੱਧ ਅਦਾਲਤ ਵਿੱਚ ਪਹੁੰਚ ਕਰ ਚੁੱਕੀ ਹੈ ਤਾਂ ਕਿ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਕੇ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਸੂਬਾ ਸਰਕਾਰ ਵੱਲੋਂ ਸੀਬੀਆਈ ਦੀ ਕਲੋਜ਼ਰ ਰਿਪੋਰਟ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੱਤਰ ਭੇਜਿਆ ਗਿਆ ਸੀ ਪਰ ਹੁਣ ਤੱਕ ਕੋਈ ਜਵਾਬ ਨਾ ਆਉਣ 'ਤੇ ਸਰਕਾਰ ਨੇ ਹੁਣ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਪਹਿਲਾਂ ਤਾਂ ਜਾਣਬੁੱਝ ਕੇ ਇਸ ਸੰਵੇਦਨਸ਼ੀਲ ਮਾਮਲੇ ਨੂੰ ਸੀਬੀਆਈ ਦੇ ਹੱਥਾਂ ਵਿੱਚ ਸੌਂਪਿਆ ਅਤੇ ਉਸ ਤੋਂ ਬਾਅਦ ਕੇਂਦਰੀ ਜਾਂਚ ਏਜੰਸੀ ਨੇ ਵੀ ਆਪਣੇ ਆਕਾਵਾਂ ਦੇ ਇਸ਼ਾਰਿਆਂ 'ਤੇ ਚੱਲਦਿਆਂ ਜਾਂਚ ਨੂੰ ਧੁਰ ਤੱਕ ਲਿਜਾਣ ਦੀ ਬਜਾਏ ਨਾ ਸਿਰਫ਼ ਅੱਧ ਵਿਚਾਲੇ ਹੀ ਬੰਦ ਕਰ ਦਿੱਤਾ ਸਗੋਂ ਨਿਯਮਾਂ ਦੇ ਉਲਟ ਬਰਗਾੜੀ ਕੇਸ ਖ਼ਤਮ ਕਰਨ ਲਈ ਕਲੋਜ਼ਰ ਰਿਪੋਰਟ ਦਾਇਰ ਕਰ ਦਿੱਤੀ।

## ਸਾਬਕਾ ਵਿਧਾਇਕ ਤੇ ਝੂਠਾ ਪਰਚਾ ਦਰਜ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ

**ਜਲੰਧਰ–** ਸ੍ਰੀ ਸ਼ੰਗਾਰਾ ਰਾਮ ਸਹੂੰਗੜਾ ਸਾਬਕਾ ਵਿਧਾਇਕ ਉਪਰ ਝੂਠਾ ਪਰਚਾ ਦਰਜ ਕਰਕੇ ਜੇਲ੍ਹ ਭੇਜਣ ਦੀ ਸਖਤ ਨਿਖੇਧੀ ਕਰਦਿਆਂ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਅਤੇ ਸ੍ਰੀ ਰਾਮ ਲਾਲ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਸਭਾ ਅੰ-ਬੇਡਕਰ ਰੋਡ ਜਲੰਧਰ ਛਾਉਣੀ ਨੇ ਕਿਹਾ ਕਿ ਸ੍ਰੀ ਸ਼ੰਗਾਰਾ ਰਾਮ ਸਹੂੰਗੜਾ ਨਿ-ਰਦੋਸ਼ ਹਨ ਤੇ ਉਹਨਾਂ ਵਿਰੁੱਧ ਝੂਠਾ ਪਰਚਾ ਕੱਟਣਾ ਸਰਾਸਰ ਬੇਇਨਸਾਫੀ ਹੈ। ਇਹ ਝੂਠਾ ਪਰਚਾ ਤੁਰੰਤ ਰੱਦ ਕੀਤਾ ਜਾਵੇ ਤੇ ਸ੍ਰੀ ਸਹੂੰਗੜਾ ਨੂੰ ਰਿਹਾਅ ਕੀਤਾ ਜਾਵੇ। ਐਡ-ਵੋਕੇਟ ਹਰਭਜਨ ਸਾਂਪਲਾ ਨੈ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਤੁਗਲਕਾਬਾਦ ਦਿੱਲੀ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਢਾਹੇ ਜਾਣ ਵਿਰੁੱਧ ਸ੍ਰੀ ਸ਼ੰਗਾਰਾ ਰਾਮ ਸਹੂੰਗੜਾ ਰੋਸ ਪ੍ਰਗਟ ਕਰ ਰਹੇ ਸਨ ਅਤੇ ਇਸ ਸਬੰਧੀ ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ ਜੋ ਉਹਨਾਂ ਦਾ ਮੌਲਿਕ ਅਧਿਕਾਰ ਹੈ। ਉਹਨਾਂ ਨੇ ਕਿਸੇ ਵੀ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਨਹੀਂ। ਇਸ ਮਾਮਲੇ ਦੀ ਜਾਂਚ ਕੀਤੇ ਬਿਨਾਂ ਕੇਸ ਦਰਜ ਕਰਨਾ ਬੇਇਨਸਾਫੀ ਹੈ ਅਤੇ ਗੈਰ-ਕਾਨੂੰਨੀ ਹੈ। ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਸ੍ਰੀ ਸਹੂੰਗੜਾ ਉਪਰ ਦਰਜ ਕੀਤਾ ਕੇਸ ਰੱਦ ਕਰਕੇ ਉਹਨਾਂ ਨੂੰ ਰਿਹਾਅ ਕੀਤਾ ਜਾਵੇ ਤਾਂ ਜੋ ਪੰਜਾਬ ਦਾ ਮਾਹੌਲ ਸ਼ਾਂਤ ਬਣਿਆ ਰਹੇ।






BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


## ਸਿਆਸਤ ਨੂੰ ਸੱਟ ਮਾਰੇਗਾ ਅਸਹਿਣਸ਼ੀਲਤਾ ਦੇ ਫ਼ਿਰਕੂਪੁਣੇ ਦਾ ਰੁਝਾਨ: ਮਨਮੋਹਨ

**ਨਵੀਂ ਦਿੱਲੀ–** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਹੈ ਕਿ ਵੱਧ ਰਹੀ ਅਸਹਿਣਸ਼ੀਲਤਾ, ਫ਼ਿਰਕੂ ਧਰੁਵੀਕਰਨ ਤੇ ਹਿੰਸਕ ਅਪਰਾਧ 'ਉਦਾਸ ਕਰਨ ਵਾਲਾ ਰੁਝਾਨ ਹੈ' ਤੇ ਕੁਝ ਸਮੂਹਾਂ ਵੱਲੋਂ ਇਨ੍ਹਾਂ ਨੂੰ ਦਿੱਤੀ ਜਾ ਰਹੀ ਹੱਲਾਸ਼ੇਰੀ ਮੁਲਕ ਦੀ ਸਿਆਸਤ ਨੂੰ ਸੱਟ ਮਾਰੇਗੀ। ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਉਨ੍ਹਾਂ ਦੀ 75ਵੀਂ ਜਨਮ ਦਿਹਾੜੇ ਮੌਕੇ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਰੁਝਾਨ ਸ਼ਾਂਤੀ, ਕੌਮੀ ਏਕੇ ਤੇ ਫ਼ਿਰਕੂ ਭਾਈਚਾਰੇ ਦੇ ਰਾਹ ਵਿਚ ਅੜਿੱਕਾ ਹਨ ਜਦਕਿ ਸੰਵਿਧਾਨ ਵਿਚ ਇਨ੍ਹਾਂ ਹੀ ਸਿਧਾਂਤਾ ਨੂੰ ਸਿਖ਼ਰਲਾ ਦਰਜਾ ਦਿੱਤਾ ਗਿਆ ਹੈ। ਮਨਮੋਹਨ ਸਿੰਘ ਨੇ ਕਿਹਾ ਕਿ ਇਸ ਵਰਤਾਰੇ ਨੂੰ ਠੱਲ੍ਹਣ ਲਈ ਸੋਚ-ਵਿਚਾਰ ਦੀ ਲੋੜ ਹੈ। ਰਾਜੀਵ ਗਾਂਧੀ ਦੇ ਸ਼ਬਦਾਂ ਨੂੰ ਦੁਹਰਾਉਂਦਿਆਂ ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ 'ਮੁਲਕ ਦੇ ਏਕੇ ਤੇ ਅਖੰਡਤਾ ਤੋਂ ਵੱਧ ਕੇ ਕੁਝ ਵੀ ਨਹੀਂ। ਭਾਰਤ ਅਖੰਡ ਹੈ। ਧਰਮ ਨਿਰਪੱਖਤਾ ਸਾਡੇ ਮੁਲਕ ਦਾ ਧੁਰਾ ਹੈ। ਸਹਿਣਸ਼ੀਲਤਾ ਤੇ ਭਾਈਚਾਰਾ ਇਸੇ ਨਾਲ ਜੁੜੇ ਹੋਏ ਹਨ। ਕੋਈ ਵੀ ਧਰਮ ਨਫ਼ਰਤ ਤੇ ਅਸਹਿਣਸ਼ੀਲਤਾ ਦਾ ਪਾਠ ਨਹੀਂ ਪੜ੍ਹਾਉਂਦਾ। ਉਨ੍ਹਾਂ ਰਾਜੀਵ ਗਾਂਧੀ ਨੂੰ ਅਗਾਂਹਵਧੂ, ਆਧੁਨਿਕ ਤੇ ਵਿਗਿਆਨਕ ਸੋਚ ਵਾਲਾ ਨੌਜਵਾਨ ਆਗੂ ਦੱਸਿਆ। 'ਵੀਰ ਭੂਮੀ' ਵਿਚ ਅੱਜ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਜਨਮ ਵਰ੍ਹੇਗੰਢ ਮੌਕੇ ਕਾਂਗਰਸ ਦੇ ਸਿਖ਼ਰਲੇ ਆਗੂਆਂ- ਪ੍ਰਧਾਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਇਲਾਵਾ ਸਾਬਕਾ ਰਾਸ਼ਟਰਪਤੀ ਹਾਮਿਦ ਅੰਸਾਰੀ, ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਤੇ ਉਨ੍ਹਾਂ ਦੇ ਪਰਿਵਾਰ, ਗੁਲਾਮ ਨਬੀ ਆਜ਼ਾਦ, ਅਹਿਮਦ ਪਟੇਲ, ਭੁਪਿੰਦਰ ਸਿੰਘ ਹੁੱਡਾ ਵੀ ਇਸ ਮੌਕੇ ਰੱਖੀ ਪ੍ਰਾਰਥਨਾ ਸਭਾ ਵਿਚ ਹਾਜ਼ਰ ਸਨ। ਰਾਹੁਲ ਗਾਂਧੀ ਨੇ ਆਪਣੇ ਪਿਤਾ ਨੂੰ ਇਸ ਮੌਕੇ ਦੇਸ਼ਭਗਤ ਵਜੋਂ ਯਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਦੀਆਂ ਨੀਤੀਆਂ ਨੇ ਦੇਸ਼ ਨੂੰ ਵਿਕਾਸ ਦੇ ਰਾਹ ਤੋਰਿਆ। ਕਾਂਗਰਸ ਪਾਰਟੀ ਨੇ ਅਧਿਕਾਰਤ ਟਵੀਟ ਕਰਦਿਆਂ ਕਿਹਾ ਕਿ ਰਾਜੀਵ ਗਾਂਧੀ ਭਾਰਤ ਨੂੰ 21ਵੀਂ ਸਦੀ ਵਿਚ ਤਕਨੀਕ ਤੇ ਗਿਆਨ ਦੀ ਨੀਂਹ 'ਤੇ ਖੜ੍ਹੀ ਵੱਡੀ ਤਾਕਤ ਦੇ ਰੂਪ ਵਿਚ ਦੇਖਣਾ ਚਾਹੁੰਦੇ ਹਨ। ਸਾਬਕਾ ਪ੍ਰਧਾਨ ਮੰਤਰੀ ਦਾ ਜਨਮ ਦਿਨ ਅੱਜ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ 'ਸਦਭਾਵਨਾ ਦਿਵਸ' ਦੇ ਰੂਪ ਵਿਚ ਮਨਾਇਆ ਗਿਆ।



## ਐੱਮ ਪੀ ਤਨਮਨਜੀਤ ਸਿੰਘ ਢੇਸੀ ਤੇ ਚੜ੍ਹਦੀ ਕਲਾ ਸੰਸਥਾ ਗ੍ਰੇਵਜੈਂਡ ਵੱਲੋਂ ਕਵੀਸ਼ਰੀ ਜੱਥੇ ਦਾ ਸਨਮਾਨ



**ਲੰਡਨ (ਮਨਦੀਪ ਖੁਰਮੀ)** "ਕਵੀਸ਼ਰੀ ਕਲਾ ਰਾਹੀਂ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਣ ਅਤੇ ਸਮਾਜਿਕ ਬੁਰਾਈਆਂ ਖਿਲਾਫ ਜਾਗਰੂਕਤਾ ਦਾ ਪਸਾਰਾ ਕਰਨ ਵਿੱਚ ਕਵੀਸ਼ਰੀ ਜੱਥੇ ਵਡਮੁੱਲਾ ਯੋਗਦਾਨ ਪਾਉਂਦੇ ਹਨ। ਅਜੋਕੇ ਤੇਜ਼ ਰਫ਼ਤਾਰ ਯੁਗ ਵਿੱਚ ਕਵੀਸ਼ਰੀ ਕਲਾ ਤੇ ਕਲਾਕਾਰਾਂ ਨੂੰ ਬਣਦਾ ਸਨਮਾਨ ਨਹੀਂ ਮਿਲ ਰਿਹਾ। ਸਾਡਾ ਫਰਜ਼ ਬਣਦਾ ਹੈ ਕਿ ਇਸ ਕਲਾ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਕਲਾਕਾਰਾਂ ਦੀ ਪਿੱਠ ਥਾਪੜੀ ਜਾਵੇ।" ਉਕਤ ਵਿਚਾਰਾਂ ਦਾ ਪ੍ਰਗਟਾਵਾ ਇੰਗਲੈਂਡ ਦੇ ਪਹਿਲੇ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੇ ਇੰਗਲੈਂਡ ਦੌਰੇ 'ਤੇ ਆਏ ਭਾਈ ਭਗਵੰਤ ਭਗਵਾਨ ਸਿੰਘ ਸੂਰਵਿੰਡ ਦੇ ਕਵੀਸ਼ਰੀ ਜੱਥੇ ਨੂੰ ਬਰਤਾਨਵੀ ਪਾਰਲੀਮੈਂਟ ਦੀ ਫੇਰੀ ਪ੍ਰਆਉਣ ਉਪਰੰਤ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਤੋਂ ਇਲਾਵਾ ਚੜ੍ਹਦੀ ਕਲਾ ਸਿੱਖ ਆਰਗੇਨਾਈਜੇਸ਼ਨ ਗ੍ਰੇਵਜੈਂਡ ਦੇ ਸੇਵਾਦਾਰਾਂ ਪਰਮਿੰਦਰ ਸਿੰਘ ਮੰਡ, ਅਮਰੀਕ ਸਿੰਘ ਜਵੰਦਾ, ਗੁਰਤੇਜ ਸਿੰਘ ਪੰਨੂੰ, ਕੌਂਸਲਰ ਨਿਰਮਲ ਸਿੰਘ ਖਾਬੜਾ, ਹਰਭਜਨ ਸਿੰਘ ਟਿਵਾਣਾ ਵੱਲੋਂ ਆਯੋਜਿਤ ਵਿਸ਼ੇਸ਼ ਸਨਮਾਨ ਸਮਾਰੋਹ ਦੌਰਾਨ ਭਾਈ ਭਗਵੰਤ ਭਗਵਾਨ ਸਿੰਘ ਸੂਰਵਿੰਡ, ਭਾਈ ਗੁਰਚੇਤ ਸਿੰਘ ਦੁੱਬਲੀ, ਭਾਈ ਬਲਜੀਤ ਸਿੰਘ ਬਗੀਚਾ ਸੁਰਸਿੰਘ ਨੂੰ ਦਸਤਾਰਾਂ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org

# ਅੰਮ੍ਰਿਤਾ ਪ੍ਰੀਤਮ ਦੀ ਜਨਮ ਸ਼ਤਾਬਦੀ 'ਲਿਟਰੇਰੀ ਕੋਰੀਡੋਰ' ਵਜੋਂ ਮਨਾਈ ਗਈ








**ਨਿਊਯਾਰਕ –** 'ਅੰਮ੍ਰਿਤਾ ਪ੍ਰੀਤਮ ਪੂਰਬੀ ਤੇ ਪੱਛਮੀ ਪੰਜਾਬੀ ਦੀ ਮਕਬੂਲ ਲੇਖਿਕਾ ਹੈ। ਉਸਨੇ ਨੇ ਪੰਜਾਬ ਵੰਡ ਨੂੰ ਰੂਹ 'ਤੇ ਹੰਢਾਇਆ ਤੇ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਦਿਲ-ਚੀਰਵੀਂ ਕਵਿਤਾ ਰਚੀ। ਕਰਤਾਰਪੁਰ ਲਾਂਘਾ 'ਧਾਰਮਿਕ ਕੋਰੀਡੋਰ' ਹੈ ਤੇ ਅਸੀਂ ਅੰਮ੍ਰਿਤਾ ਦੀ ਜਨਮ-ਸ਼ਤਾਬਦੀ ਨੂੰ 'ਸਾਹਿਤਕ ਲਾਂਘੇ' (ਲਿਟਰੇਰੀ ਕੋਰੀਡੋਰ) ਵਜੋਂ ਮਨਾ ਰਹੇ ਹਾਂ ਤਾਂ ਕਿ ਦੋਹਾਂ ਮੁਲਕਾਂ ਵਿਚ ਵਿਚਾਰਾਂ ਦੀ ਸਾਂਝ ਦੀ ਨਿਰੰਤਰਤਾ ਬਣ ਸਕੇ।' ਇਹ ਵਿਚਾਰ ਪੰਜਾਬੀ ਲੇਖਕ, ਸ਼ੇਰ-ਏ-ਪੰਜਾਬ ਅਖ਼ਬਾਰ ਦੇ ਸੰਪਾਦਕ ਅਤੇ 'ਵਿਸ਼ਵ ਪੰਜਾਬੀ ਸੰਮੇਲਨ' ਦੇ ਪ੍ਰਬੰਧਕ ਬਲਦੇਵ ਸਿੰਘ ਗਰੇਵਾਲ ਨੇ ਹੌਫ਼ਸਟਰਾ ਯੂਨੀਵਰਸਿਟੀ, ਨਿਊਯਾਰਕ ਵਿਚ ਬੋਲਦਿਆਂ ਕਹੇ। ਇਹ 'ਵਿਸ਼ਵ ਪੰਜਾਬੀ ਸੰਮੇਲਨ' ਸ਼ੇਰ-ਏ-ਪੰਜਾਬ ਵਲੋਂ ਆਯੋਜਤ ਕੀਤਾ ਗਿਆ ਸੀ। ਇਸ ਵਿਚ ਭਾਰਤ, ਕੈਨੇਡਾ, ਪਾਕਿਸਤਾਨ ਤੋਂ ਲੇਖਕ ਤੇ ਬੁਲਾਰੇ ਪਹੁੰਚੇ ਹੋਏ ਸਨ। ਇਸ ਮੌਕੇ ਪਾਕਿਸਤਾਨ ਤੋਂ ਡਾ. ਸੁਘੜਾ ਸਦੱਫ਼ ਦਾ ਭੇਜਿਆ ਸੰਦੇਸ਼ ਵੀ ਸਕਰੀਨ 'ਤੇ ਦਿਖਾਇਆ ਗਿਆ।

ਬਲਦੇਵ ਸਿੰਘ ਗਰੇਵਾਲ ਨੇ ਅੱਗੇ ਬੋਲਦਿਆਂ ਕਿਹਾ ਕਿ ਪੂਰਬੀ ਤੇ ਪੱਛਮੀ ਪੰਜਾਬ ਦੀ ਬੋਲੀ ਸਾਂਝੀ ਹੈ, ਖਾਣ-ਪੀਣ ਸਾਂਝਾ ਹੈ, ਪਹਿਰਾਵਾ ਸਾਂਝਾ ਹੈ, ਦੁੱਖ-ਸੁੱਖ ਸਾਂਝੇ ਹਨ। ਫਿਰ ਏਨੀਆਂ ਦੂਰੀਆਂ ਕਿਉਂ ਹਨ? ਇਹਨਾਂ ਦੂਰੀਆਂ ਨੂੰ ਦੂਰ ਕਰਨ ਲਈ ਇਹ 'ਸਾਹਿਤਕ ਲਾਂਘਾ' ਅਹਿਮ ਭੂਮਿਕਾ ਨਿਭਾਅ ਸਕਦਾ ਹੈ।

ਸਭ ਤੋਂ ਪਹਿਲਾਂ ਨਿਊਯਾਰਕ ਦੀਆਂ ਅਹਿਮ ਸ਼ਖ਼ਸੀਅਤਾਂ ਤੇਜੀ ਬਿੰਦਰਾ ਤੇ ਬੀ ਜੇ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਦੀ ਤਸਵੀਰ ਤੋਂ ਪਰਦਾ ਹਟਾਇਆ ਅਤੇ ਸ਼ਮਾ ਰੌਸ਼ਨ ਕੀਤੀ।

ਉਪਰੰਤ ਉਘੇ ਨਿਰਦੇਸ਼ਕ ਤੇ ਫ਼ਿਲਮਕਾਰ ਹਰਜੀਤ ਸਿੰਘ ਹੋਰਾਂ ਵਲੋਂ ਅੰਮ੍ਰਿਤਾ ਪ੍ਰੀਤਮ ਦੀ ਪ੍ਰਸਿੱਧ ਨਜ਼ਮ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਦਾ ਫ਼ਿਲਮਾਂਕਣ ਪੇਸ਼ ਕੀਤਾ ਗਿਆ। ਇਹ ਨਜ਼ਮ ਵਡਾਲੀ ਭਰਾਵਾਂ ਵਲੋਂ ਬਹੁਤ ਹੀ ਰੁਦਨ ਭਰੇ ਅੰਦਾਜ਼ ਵਿਚ ਗਾਈ ਗਈ ਹੈ।

ਬੁਲਾਰਿਆਂ ਵਿਚ ਸਭ ਤੋਂ ਪਹਿਲਾਂ ਸੂਫ਼ੀ ਮੁਸ਼ਤਾਕ ਨੇ ਪੰਜਾਬ, ਪੰਜਾਬੀ ਜ਼ਬਾਨ ਅਤੇ ਅੰਮ੍ਰਿਤਾ ਪ੍ਰੀਤਮ ਬਾਰੇ ਬੇਹੱਦ ਸਾਰਥਕ ਵਿਚਾਰ ਪੇਸ਼ ਕੀਤੇ।

ਪਾਕਿਸਤਾਨ ਪੰਜਾਬ ਦੀ ਨੁਮਾਇੰਦਗੀ ਕਰਦੇ ਚਿੰਤਕ ਵਕੀਲ ਅੰਸਾਰੀ ਹੋਰਾਂ ਕਿਹਾ ਕਿ ਇਹ 'ਲਿਟਰੇਰੀ ਕੋਰੀਡੋਰ' ਲਗਾਤਾਰ ਬਣਿਆ ਰਹਿਣਾ ਚਾਹੀਦਾ ਹੈ।

ਪੱਤਰਕਾਰ, ਲੇਖਕ ਅਤੇ ਸੰਪਾਦਕ ਸਿੱਧੂ ਦਮਦਮੀ ਹੋਰਾਂ ਅੰਮ੍ਰਿਤਾ ਪ੍ਰੀਤਮ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ 'ਨਾਗਮਣੀ' ਰਿਸਾਲੇ ਦੇ ਯੋਗਦਾਨ ਦਾ ਜ਼ਿਕਰ ਕੀਤਾ।

ਫ਼ਿਲਮਕਾਰ ਹਰਜੀਤ ਸਿੰਘ ਹੋਰਾਂ ਦੱਸਿਆ ਕਿ ਅੰਮ੍ਰਿਤਾ ਪ੍ਰੀਤਮ ਨੇ ਮੌਲਿਕ ਸਾਹਿਤ ਦੀ ਰਚਨਾ ਤਾਂ ਕੀਤੀ ਹੀ ਉਸ ਨੇ ਦੁਨੀਆ ਦੇ ਸਾਹਿਤ ਦਾ ਅਨੁਵਾਦ ਕਰ ਕੇ ਪੰਜਾਬ ਜ਼ਬਾਨ ਨੂੰ ਅਮੀਰ ਕੀਤਾ।

ਸੁਰਜੀਤ ਪਾਤਰ ਹੋਰਾਂ ਕਾਵਿਕ ਅੰਦਾਜ਼ ਵਿਚ ਗੱਲ ਕਰਦਿਆਂ ਕਿਹਾ ਕਿ ਅੰਮ੍ਰਿਤਾ ਨੇ ਔਰਤ ਦੇ ਦਿਲ ਨੂੰ ਜ਼ਬਾਨ ਲਾਈ ਹੈ। ਔਰਤ ਦੇ ਜਜ਼ਬਿਆਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਪੇਸ਼ ਕੀਤਾ।

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਸੰਖੇਪ ਵਿਚ ਅੰਮ੍ਰਿਤਾ ਪ੍ਰੀਤਮ ਦੇ ਜੀਵਨ, ਰਚਨਾਵਾਂ ਅਤੇ ਪੰਜਾਬੀ ਸਾਹਿਤ ਨੂੰ ਦੇਣ ਦਾ ਮੁਲਾਂਕਣ ਕੀਤਾ।


ਕੈਨੇਡਾ ਤੋਂ ਪਹੁੰਚੀ 'ਰੇਡੀਓ ਅਪਨਾ' ਦੀ ਐਂਕਰ ਮਨਧੀਰ ਮਨੂੰ ਅੰਮ੍ਰਿਤਾ ਦੀ ਖੁੱਲ੍ਹੀ ਕਿਤਾਬ ਵਰਗੀ ਜ਼ਿੰਦਗੀ ਦਾ ਚਰਚਾ ਛੇੜਿਆ।

ਇਸ ਮਗਰੋਂ ਸੁਰਜੀਤ ਪਾਤਰ ਦੀ ਸਰਕ੍ਰਿਪਟ 'ਤੇ ਆਧਾਰ ਅੰਮ੍ਰਿਤਾ ਪ੍ਰੀਤਮ ਬਾਰੇ ਕਈ ਵਰ੍ਹੇ ਪਹਿਲਾਂ ਜਸਵੰਤ ਦੀਦ ਵਲੋਂ ਬਣਾਈ ਗਈ ਡਾਕੂਮੈਂਟਰੀ ਫ਼ਿਲਮ ਦਿਖਾਈ ਗਈ।

ਅੰਮ੍ਰਿਤਾ ਨੂੰ ਅਕੀਦਤ ਪੇਸ਼ ਕਰਨ ਲਈ ਹੋਏ ਕਵੀ ਦਰਬਾਰ ਸਮੇਂ ਪ੍ਰਧਾਨਗੀ ਮੰਡਲ ਵਿਚ ਸੁਰਜੀਤ ਪਾਤਰ, ਨਵਤੇਜ ਭਾਰਤੀ, ਸਿੱਧੂ ਦਮਦਮੀ, ਤਾਹਿਰਾ ਸਰਾ, ਕੁਲਵਿੰਦਰ ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਸੁਸ਼ੋਭਤ ਸਨ। ਇਸ ਕਵੀ ਦਰਬਾਰ ਨੂੰ ਵੀ 'ਸਾਹਿਤਕ ਲਾਂਘੇ' ਦੀ ਦਿੱਖ ਪ੍ਰਦਾਨ ਕਰਨ ਲਈ ਦੋਹਾਂ ਪੰਜਾਬਾਂ ਦੇ ਸ਼ਾਇਰ ਪੇਸ਼ ਹੋਏ, ਜਿਹਨਾਂ ਵਿਚ ਇਜਾਜ਼ ਭੱਟੀ, ਰਾਜਾ ਅਵੈਸ, ਡਾ. ਸ਼ਸ਼ੀ ਕਾਂਤ ਉਪਲ, ਕੁਲਵਿੰਦਰ, ਰਾਮਜੀ ਦਾਸ ਸੇਠੀ, ਸਿੱਧੂ ਦਮਦਮੀ, ਅਰੂਜ ਰਾਜਪੂਤ, ਤਾਹਿਰਾ ਸਰਾ, ਨਵਤੇਜ ਭਾਰਤੀ ਅਤੇ ਸੁਰਜੀਤ ਪਾਤਰ ਨੇ ਆਪਣਾ ਉਮਦਾ ਕਲਾਮ ਪੇਸ਼ ਕੀਤਾ।

ਅਖੀਰ ਵਿਚ ਸੁਰਜੀਤ ਪਾਤਰ, ਨਵਤੇਜ ਭਾਰਤੀ, ਤਾਹਿਰਾ ਸਰਾ, ਸਿੱਧੂ ਦਮਦਮੀ, ਕੁਲਵਿੰਦਰ, ਹਰਜੀਤ ਸਿੰਘ, ਸੁਰਿੰਦਰ ਸੋਹਲ, ਡਾ. ਹਰਸਿਮਰਨ ਸਿੰਘ ਰੰਧਾਵਾ ਨੂੰ ਸਨਮਾਨ ਚਿੰਨ੍ਹ ਤੇ ਇਕ-ਇਕ ਲੋਈ ਭੇਂਟ ਕਰਨ ਦੀ ਰਸਮ 'ਵਿਸ਼ਵ ਪੰਜਾਬੀ ਸੰਮੇਲਨ' ਦੇ ਪ੍ਰਬੰਧਕ ਬਲਦੇਵ ਸਿੰਘ ਗਰੇਵਾਲ, ਸੁੰਮਨ ਗਰੇਵਾਲ, ਵਕੀਲ ਅੰਸਾਰੀ, ਫਈਆਜ਼ ਨਵਾਜ਼ ਚੁਗਤਾਈ ਵਲੋਂ ਅਦਾ ਕੀਤੀ ਗਈ।

ਮੰਚ ਸੰਚਾਲਨ ਅਰੂਜ ਰਾਜਪੂਤ ਅਤੇ ਸੁਰਿੰਦਰ ਸੋਹਲ ਵਲੋਂ ਕੀਤਾ ਗਿਆ।



Historic File Picture (1986)

Three editors left to right Prem Kumar Chumber (Editor-In-Chief Ambedkar Times & Desh Doaba), C. L. Chumber Editor-In-Chief Kaumi Udarian (National Flights) and Babu Ram Chand Khera Editor-In-Chief Adi Danka (Glorious Ad Dharam Movement)


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਦੇਸ਼ ਦੁਆਬਾ

# ਲੀਡਰਹੀਣ ਦੀ ਕਮੀ ਕਿਉਂ?

ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਦੇ ਅੱਗੇ ਭਵਿੱਖ ਦਾ ਬਹੁਤ ਵੱਡਾ ਸੰਕਟ ਨਜ਼ਰ ਆ ਰਿਹਾ ਹੈ। ਇਸ ਪਾਰਟੀ ਦੇ ਕੋਲ ਕਈ ਤਜਰਬੇਕਾਰ ਲੀਡਰ ਹੋਣ ਦੇ ਬਾਵਜੂਦ ਵਾਰ-ਵਾਰ ਗਾਂਧੀ ਪਰਿਵਾਰ ਵੱਲ ਹੀ ਕਿਉਂ ਦੇਖਿਆ ਜਾ ਰਿਹਾ ਹੈ। ਇਸ ਸ਼ੰਕੇ ਦੀ ਨਵਿਰਤੀ ਕੋਈ ਨਹੀਂ ਕਰ ਪਾ ਰਿਹਾ। ਸੋਨੀਆ ਗਾਂਧੀ ਨੂੰ ਇਕ ਵਾਰ ਫਾਰ ਕਾਂਗਰਸ ਦੀ ਕਮਾਂਡ ਸੰਭਾਲਣਾ ਇਸ ਪਾਰਟੀ ਦੀ ਗਾਂਧੀ ਪਰਿਵਾਰ 'ਤੇ ਨਿਰਭਰਤਾ ਨੂੰ ਤਾਂ ਦਰਸਾਉਂਦਾ ਹੀ ਹੈ ਤੇ ਇਹ ਵੀ ਦੱਸਦਾ ਹੈ ਕਿ ਉਸ ਲਈ ਇਸ ਪਰਿਵਾਰ ਤੋਂ ਬਾਹਰ ਕਿਸੇ ਹੋਰ ਦੀ ਲੀਡਰਸ਼ਿਪ ਨੂੰ ਸਵੀਕਾਰ ਕਰਨਾ ਕਿੰਨਾ ਮੁਸ਼ਕਲ ਹੈ।

ਇਸ 'ਚ ਸ਼ੱਕ ਹੈ ਕਿ ਕਾਰਜਕਾਰੀ ਪ੍ਰਧਾਨ ਵਜੋਂ ਸੋਨੀਆ ਗਾਂਧੀ ਦੀ ਚੋਣ ਨਾਲ ਕਾਂਗਰਸ ਦਾ ਸੰਕਟ ਸੱਚਮੁੱਚ ਦੂਰ ਹੋ ਸਕੇਗਾ। ਸੱਚ ਤਾਂ ਇਹ ਹੈ ਕਿ ਰਾਹੁਲ ਗਾਂਧੀ ਵੱਲੋਂ ਪ੍ਰਧਾਨਗੀ ਛੱਡਣ ਤੋਂ ਬਾਅਦ ਜਿਸ ਤਰ੍ਹਾ ਪਾਰਟੀ ਤਕਰੀਬਨ ਢਾਈ ਮਹੀਨੇ ਤਕ ਬੇਯਕੀਨੀ ਦੇ ਮਾਹੌਲ 'ਚ ਫਸੀ ਰਹੀ ਤੇ ਫਿਰ ਸੋਨੀਆ ਗਾਂਧੀ 'ਤੇ ਹੀ ਉਸ ਦੀ ਆਸ ਟਿਕੀ, ਉਸ ਨਾਲ ਇਸ ਦੀ ਕਮਜ਼ੋਰੀ ਹੋਰ ਜ਼ਿਆਦਾ ਸਪੱਸ਼ਟ ਰੂਪ 'ਚ ਸਾਹਮਣੇ ਆਈ ਹੈ। ਕਾਂਗਰਸ ਇਹ ਕਹਿ ਸਕਦੀ ਹੈ ਕਿ ਸੋਨੀਆ ਗਾਂਧੀ ਨੂੰ ਅੰਤਰਿਮ ਪ੍ਰਧਾਨ ਹੀ ਬਣਾਇਆ ਗਿਆ ਹੈ ਪਰ ਇਸ ਨਾਲ ਕਿਤੇ ਨਾ ਕਿਤੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗਾਂਧੀ ਪਰਿਵਾਰ ਬਗ਼ੈਰ ਪਾਰਟੀ ਦਾ ਗੁਜ਼ਾਰਾ ਨਹੀਂ।

ਇਸ ਫ਼ੈਸਲੇ ਜ਼ਰੀਏ ਕਾਂਗਰਸ ਦਾ ਅੱਗੇ ਵਧ ਸਕਣਾ ਮੁਸ਼ਕਲ ਹੀ ਹੈ। ਅਜਿਹਾ ਲੱਗਦਾ ਹੈ ਕਿ ਕਾਂਗਰਸ ਘੁੰਮ-ਫਿਰ ਕੇ ਉੱਥੇ ਹੀ ਪਹੁੰਚ ਗਈ ਹੈ, ਜਿੱਥੋਂ ਚੱਲੀ ਸੀ। ਬਿਹਤਰ ਹੋਵੇਗਾ ਕਿ ਅੱਗੇ ਵਧਣ ਲਈ ਕਾਂਗਰਸ ਪਹਿਲਾਂ ਇਹ ਤੈਅ ਕਰ ਲਵੇ ਕਿ ਉਸ 'ਚ ਗਾਂਧੀ ਪਰਿਵਾਰ ਦੀ ਅਗਵਾਈ ਤੋਂ ਬਿਨਾਂ ਅੱਗੇ ਵਧਣ ਦੀ ਸਮਰੱਥਾ ਹੈ ਜਾਂ ਨਹੀਂ?

ਇਹ ਠੀਕ ਹੈ ਕਿ ਕਾਂਗਰਸ ਦਾ ਗਾਂਧੀ ਪਰਿਵਾਰ ਤੋਂ ਵੱਖ ਹੋਣਾ ਆਸਾਨ ਨਹੀਂ ਤੇ ਇਸ ਦੀ ਹੋਂਦ ਦਾ ਆਧਾਰ ਹੀ ਇਹ ਪਰਿਵਾਰ ਹੈ ਪਰ ਜਦੋਂ ਖ਼ੁਦ ਰਾਹੁਲ ਗਾਂਧੀ ਨੇ ਕਹਿ ਦਿੱਤਾ ਸੀ ਕਿ ਗਾਂਧੀ ਪਰਿਵਾਰ ਤੋਂ ਬਾਹਰ ਦੇ ਕਿਸੇ ਵਿਅਕਤੀ ਨੂੰ ਅਗਵਾਈ ਸੌਂਪੀ ਜਾਣੀ ਚਾਹੀਦੀ ਹੈ ਤਾਂ ਇਹ ਜ਼ਰੂਰੀ ਹੋ ਜਾਂਦਾ ਸੀ ਕਿ ਪਾਰਟੀ ਉਸੇ ਦਿਸ਼ਾ 'ਚ ਅੱਗੇ ਵੱਧਦੀ। ਇਹ ਅਜੀਬ ਤ੍ਰਾਸਦੀ ਹੈ ਕਿ ਕਾਂਗਰਸ ਗਾਂਧੀ ਪਰਿਵਾਰ ਦੇ ਰੂਪ 'ਚ ਜਿਸ ਨੂੰ ਆਪਣੀ ਤਾਕਤ ਸਮਝਦੀ ਹੈ, ਉਹ ਹੀ ਉਸ ਦੀ ਕਮਜ਼ੋਰੀ ਵੀ ਹੈ। ਇਸੇ ਤਾਕਤ ਤੇ ਕਮਜ਼ੋਰੀ ਕਾਰਨ ਕਾਂਗਰਸ ਗਾਂਧੀ ਪਰਿਵਾਰ ਨੂੰ ਲੈ ਕੇ ਆਪਣੀ ਦੁਵਿਧਾ ਤੋਂ ਉੱਭਰਦੀ ਨਹੀਂ। ਨਿਰਾਸ਼ਾਜਨਕ ਇਹ ਹੈ ਕਿ ਕਾਂਗਰਸ ਦੀ ਇਸ ਦੁਵਿਧਾ ਦਾ ਨੁਕਸਾਨ ਦੇਸ਼ ਨੂੰ ਵੀ ਚੁੱਕਣਾ ਪੈ ਰਿਹਾ ਹੈ। ਇਕ ਮਜ਼ਬੂਤ ਵਿਰੋਧੀ ਧਿਰ ਦੀ ਆਪਣੀ ਭੂਮਿਕਾ ਨਿਭਾਉਣ ਲਈ ਕਾਂਗਰਸ ਨੂੰ ਸਭ ਤੋਂ ਪਹਿਲਾਂ ਲੀਡਰਸ਼ਿਪ ਦੇ ਸਵਾਲ ਨੂੰ ਹੱਲ ਕਰਨਾ ਹੋਵੇਗਾ ਤਾਂ ਕਿ ਪਾਰਟੀ ਨੂੰ ਸਹੀ ਦਿਸ਼ਾ ਮਿਲੇ।

ਰਾਹੁਲ ਗਾਂਧੀ ਨੇ ਪ੍ਰਧਾਨਗੀ ਛੱਡਣ ਦੇ ਨਾਲ ਹੀ ਪਾਰਟੀ ਦੇ ਨੇਤਾਵਾਂ ਨੂੰ ਇਹ ਮੌਕਾ ਦਿੱਤਾ ਸੀ ਕਿ ਉਹ ਨਵੀਂ ਲੀਡਰਸ਼ਿਪ ਦੀ ਤਲਾਸ਼ ਕਰਨ ਪਰ ਉਹ ਇਸ ਦੀ ਜੁਅੱਰਤ ਨਹੀਂ ਕਰ ਸਕੇ ਕਿਉਂਕਿ ਪਾਰਟੀ ਦੇ ਵੱਡੇ ਨੇਤਾ ਇਕਜੁੱਟ ਨਹੀਂ ਤੇ ਉਹ ਵੀ ਸ਼ਕਤੀ ਕੇਂਦਰ ਦੇ ਇਰਦ-ਗਿਰਦ ਘੁੰਮਣ ਦੀ ਉਸੇ ਸਮੱਸਿਆ ਦੀ ਲਪੇਟ 'ਚ ਆ ਗਏ ਹਨ, ਜਿਸ ਨਾਲ ਕਦੇ ਵਰਕਰ ਗ੍ਰਸਤ ਹੋਇਆ ਕਰਦੇ ਸਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਨੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-114

## ਗੁਰਮੱਤ ਤੇ ਗੁਰਮਤਿ ਤੋਂ ਕੀ ਭਾਵ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰ+ਮੱਤ=ਗੁਰ ਗਿਆਨ ਦਾਤਾ ਤੇ ਮੱਤ ਦਾ ਅਰਥ ਇੱਥੇ ਸਿਧਾਂਤ, ਰਸਤਾ, ਮਜ਼ਹਬ ਜਾਂ ਕੌਮੀ ਫਿਰਕਾ ਹੈ-ਬੇਦ ਪੁਰਾਨ ਸਭੈ ਮੱਤ ਸੁਨਿ ਕੈ ਕਰੀ ਕਰਮ ਕੀ ਆਸਾ॥(ਕਬੀਰ ੬੫੪) ਜਿਵੇਂ ਈਸਾਈ-ਮੱਤ, ਯਹੂਦੀ-ਮੱਤ, ਇਸਲਾਮ-ਮੱਤ, ਸੂਫੀ-ਮੱਤ, ਹਿੰਦੂ-ਮੱਤ, ਯੋਗ-ਮੱਤ, ਬੁੱਧ-ਮੱਤ ਅਤੇ ਜੈਨ-ਮੱਤ ਆਦਿਕ ਵੱਖ ਵੱਖ ਕੌਮੀ ਫਿਰਕੇ (ਰਸਤੇ) ਨੇ ਇਵੇਂ ਹੀ ਗੁਰ-ਮੱਤ (ਸਿੱਖ-ਮੱਤ) ਵੀ ਇੱਕ ਕੌਮੀ ਮੱਤ ਜਿਸ ਦੇ ਦਰਵਾਜੇ ਸਭ ਲਈ ਖੁੱਲ੍ਹੇ ਹਨ-ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥ (ਮ:੫-੯੭) ਗੁਰੂ ਦਾ ਮੱਤ ਸਭ ਨੂੰ ਸਾਂਝਾ ਉਪਦੇਸ਼ ਦਿੰਦਾ ਹੈ-ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਂਝਾ॥ (ਮਃ ੫-੭੪੮) ਨੋਟ-ਧਰਮ (ਰੱਬੀ ਨਿਯਮ) ਸਾਰੀ ਦੁਨੀਆਂ ਲਈ ਇੱਕ ਹੀ ਹੈ ਵੱਖ ਵੱਖ ਨਹੀਂ ਸਗੋਂ ਮੱਤ ਵੱਖਰੇ ਵੱਖਰੇ ਹਨ।

ਗੁਰ+ਮਤਿ=ਗੁਰਮਤਿ ਭਾਵ-ਗੁਰ-ਉਪਦੇਸ, ਗੁਰ-ਸਿਖਿਆ, ਗੁਰ-ਦਰਸ਼ਨ, ਗੁਰ-ਸਿਧਾਂਤ, ਗੁਰੂ ਦੀ ਰਾਇ, ਇਛਾ ਤੇ ਨਸੀਹਤ, ਗੁਰੂ ਦੀ ਸਮਝ, ਗੁਰੂ ਦੀ ਅਕਲ, ਬੁੱਧੀ ਅਤੇ ਵਿਚਾਰ ਆਦਿਕ ਹਨ। ਕੁਝ ਉਦਾਹਰਣਾ ਜਿਵੇਂ ਗੁਰੂ ਦੀ ਸਿਖਿਆ-ਸਾਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥ (ਮ:੧-੧੯) ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥(ਮ:੪-੧੦) ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਿਜ ਸਮਾਵਣਿਆ॥ (ਮ:੩-੧੨੬) ਗੁਰਮਤਿ ਪਾਏ ਪਰਮਾਨੰਦਾ॥ (ਮ:੧-੧੫੪) ਆਪਣੀ ਮਤਿ ਨੂੰ ਗੁਰਮਤ ਦੇ ਅਧੀਨ ਕੀਤਿਆਂ-ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ॥(ਮ:੧-੩੫੩) ਗੁਰੂ ਦੀ ਰਾਇ, ਇੱਛਾ ਤੇ ਨਸੀਹ਼ਤ-ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤ ਭਏ ਸੁਖੁ ਪਾਇਆ॥ (ਮਃ੧-੧੧੪੧) ਗੁਰੂਮਤਿ ਰਾਹੀਂ-ਗੁਰਮਤਿ ਪਾਇਆ ਸਹਜਿ ਮਿਲਾਇਆ ਆਪਣੇ ਪ੍ਰੀਤਮ ਰਾਤੀ॥(ਮਃ ੩-੭੭੨) ਗੁਰਮਤੀ ਮਨੁ ਨਿਜ ਘਰਿ ਵਸਿਆ..॥(ਮ:੩-੫੬੯) ਗੁਰਮਤਿ ਸੱਚੀ ਤੇ ਸਾਰ (ਤੱਤ ਗਿਆਨ) ਵਾਲੀ ਹੈ-ਗੁਰਮਤਿ ਸਾਚੀ ਸਬਦੁ ਹੈ ਸਾਰੁ॥(ਮ:੫-੧੨੭੬) ਹੇ ਅੰਜਾਣ ਮਨੁੱਖ ਤੂੰ ਗੁਰੂ ਦੀ ਮਤਿ ਧਾਰਨ ਕਰ ਇਸ ਤੋਂ ਬਿਨਾ ਬੜੇ ਵੱਡੇ ਵੱਡੇ ਸਿਆਣੇ ਵੀ ਦੁਰਮਤਿ ਤੇ ਅੰਧਵਿਸ਼ਵਾਸ਼ਾਂ ਦੀ ਨਦੀ ਵਿੱਚ ਡੁੱਬੇ ਪਏ ਹਨ-ਗੁਰ ਕੀ ਮਤਿ ਤੂੰ ਲੇ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥(ਮ:੫-੨੮੮)

ਗੁਰਮਤਿ ਦੁਆਰਾ ਗੁਰੂ ਗਿਆਨ ਵਿਚਾਰਨ ਕਰਕੇ, ਜਾਤ-ਪਾਤ, ਬਰਨ, ਕੁਲ ਆਦਿਕ ਊਚ-ਨੀਚਤਾ ਦਾ ਭਰਮ ਦੂਰ ਹੋ ਜਾਂਦਾ ਹੈ-ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥(ਮ:੩-੧੧੯੮) ਗੁਰਮਤਿ ਦੁਆਰਾ ਅੰਧੇਰੇ ਹਿਰਦੇ 'ਚ, ਇਹ ਗਿਆਨ ਦਾ ਚਾਨਣ ਹੋ ਜਾਂਦੈ ਕਿ ਪ੍ਰਭੂ ਕੁਰਦਤਿ ਰੂਪ ਹੋ ਸਭ ਥਾਈਂ ਵੱਸ ਰਿਹਾ ਹੈ-ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭਿ ਥਾਈਂ ਰਾਮ॥ (ਮ:੩-੭੭੦)

"ਸ਼ਬਦ ਗੁਰੂ ਗ੍ਰੰਥ" ਗੁਰਮਤਿ ਦਾ ਭੰਡਾਰ ਹੈ। ਜਿਵੇਂ ਨਦੀਆਂ ਨਾਲੇ ਦਰਿਆ ਆਦਿਕ ਸਮੁੰਦਰ 'ਚ ਮਿਲ ਕੇ ਸਮੁੰਦਰ ਰੂਪ ਹੋ ਜਾਂਦੇ, ਇਵੇਂ ਹੀ ਵੱਖ ਵੱਖ ਮੱਤਾਂ ਤੇ ਬੋਲੀਆਂ ਵਾਲੇ ਭਗਤਾਂ ਤੇ ਭੱਟਾਂ ਦੀ ਬਾਣੀ "ਸ਼ਬਦ ਗੁਰੂ ਗ੍ਰੰਥ" 'ਚ ਮਿਲ ਕੇ ਗੁਰਮਤਿ ਸਾਗਰ ਰੂਪ ਹੋ ਗਈ। ਮੁੱਖ ਤੌਰ ਤੇ ਗੁਰਮੱਤ-ਗੁਰੂ ਗਿਆਨ ਦਾ ਮੱਤ (ਸਿਧਾਂਤ) ਅਤੇ ਗੁਰਮਤਿ-ਗੁਰੂ ਦੀ ਮਤਿ (ਗੁਰੂ ਦੀ ਸਿਖਿਆ) ਹੈ। "ਸ਼ਬਦ ਗੁਰੂ ਗ੍ਰੰਥ" ਦੀ ਸਾਰੀ ਬਾਣੀ ਹੀ ਗੁਰਮਤਿ ਅਤੇ ਸਿਖਣ ਤੇ ਸਮਝਣ ਵਾਲਾ ਹੀ ਸਿੱਖ ਹੈ। ਥੋਥੇ ਕਰਮਕਾਂਡ ਤੇ ਭੇਖ ਗੁਰਮਤਿ 'ਚ ਪ੍ਰਵਾਨ ਨਹੀਂ ਹਨ। ਸ਼ਬਦ ਗੁਰੂ ਦੀ ਬਾਣੀ ਹੀ ਗੁਰਮਤਿਧਾਰੀ ਦੀ ਅਸਲ ਗੁਰ ਮਰਯਾਦਾ ਤੇ ਬਾਕੀ ਵੱਖ ਵੱਖ ਆਪਾ ਵਿਰੋਧੀਆਂ ਦੇ ਲਿਖੇ ਰਹਿਤਨਾਮੇ ਗੁਰਮਤਿ ਨਹੀਂ ਸਗੋਂ ਕਿਸੇ ਸ਼ਾਜਿਸ ਅਧੀਨ "ਸ਼ਬਦ ਗੁਰੂ ਗ੍ਰੰਥ" ਦੀ ਮਹਾਨਤਾ ਘਟੌਣ ਲਈ ਲਿਖੇ ਗਏ ਹਨ। ਗੁਰੂ ਸ਼ਬਦ ਰੱਬੀ ਗਿਆਨ ਜੋ ਸਾਰੀ ਦੁਨੀਆਂ ਲਈ ਸਾਂਝਾ ਅਤੇ ਗੁਰੂ ਦੀ ਮਤਿ (ਸਿਖਿਆ) ਵੀ ਸਭ ਵਾਸਤੇ ਸਾਂਝੀ ਹੈ। ਇਸ ਲਈ ਦੁਨੀਆਂ ਦਾ ਕੋਈ ਵੀ ਮਾਈ-ਭਾਈ ਬਿਨਾ ਕਿਸੇ ਡਰ, ਝਿਜਕ ਦੇ "ਸ਼ਬਦ ਗੁਰੂ ਗ੍ਰੰਥ" ਦੇ ਸਿਧਾਂਤ ਨੂੰ ਸਮਝ, ਗੁਰਮਤਿ (ਸਿੱਖੀ) ਧਾਰਨ ਕਰ ਸਕਦਾ ਹੈ।







ਸ੍ਰੀ ਗੁਰੂ ਰਵਿਦਾਸ ਜੀ ਦਾ ਪੁਰਾਤਨ ਮੰਦਰ ਢਾਹੇ ਜਾਣ ਵਿਰੁੱਧ 15 ਅਗਸਤ 2019 ਨੂੰ ਜਨੇਵਾ (ਸਵਿਟਜਰਲੈਂਡ) ਵਿਖੇ ਰੋਸ ਮੁਜਾਹਰਾ ਕਰਦੇ ਹੋਏ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਯੂਰਪ (ਜਰਮਨੀ) ਦੇ ਪ੍ਰਧਾਨ ਸੋਹਣ ਲਾਲ ਸਾਂਪਲਾ ਅਤੇ ਹੋਰ ਮੈਂਬਰ ਸਾਹਿਬਾਨ। **(ਫੋਟੋ ਅਤੇ ਵੇਰਵਾ ਸੋਹਣ ਲਾਲ ਸਾਂਪਲਾ)**

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ 'ਤੇ ਪਾਕਿ ਵਫਦ ਵੱਲੋਂ ਖੁੱਲ੍ਹਾ ਸੱਦਾ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਆਗਮਨ ਗੁਰਪੁਰਬ ਸੰਸਾਰ ਦੇ ਕੋਨੇ-ਕੋਨੇ 'ਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਾਸਤੇ ਪਾਕਿਸਤਾਨ ਤੋਂ ਸਿਆਟਲ ਪਹੁੰਚੇ ਪਾਕਿਸਤਾਨੀ ਵਫਦ ਨੇ ਪ੍ਰਵਾਸੀ ਪੰਜਾਬੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਪਾਕਿਸਤਾਨੀ ਵਫਦ ਦੇ ਮੈਂਬਰਾਂ ਦੀ ਅਗਵਾਈ ਕਰ ਰਹੇ ਲਿਖਾਰੀ ਤੇ ਜਰਨਲਿਸਟ ਪ੍ਰੋ. ਤਫੀਸ ਭੱਟ ਨੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਲੋਕਾਂ ਨਾਲ ਗੋਲਡਨ ਕਰੀ ਰੈਸਟੋਰੈਂਟ ਕੈਂਟ ਵਿਚ ਮੀਟਿੰਗ ਕੀਤੀ ਅਤੇ ਭਾਰਤ-ਪਾਕਿਸਤਾਨ ਆਪਸੀ ਸਬੰਧਾਂ ਬਾਰੇ ਵਿਚਾਰ ਚਰਚਾ ਕੀਤੀ।

ਜਿੱਥੇ ਉਹਨਾਂ ਰਾਜਸੀ ਰੰਜਸ਼ਾਂ ਤੋਂ ਉਪਰ ਉਠ ਕੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਆਪਸ ਵਿਚ ਰਲ-ਮਿਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਗੁਰਪੁਰਬ ਧੂੰਮ-ਧਾਮ ਨਾਲ ਮਨਾਉਣ ਦੀ ਸਲਾਹ ਦਿੱਤੀ ਹੈ। ਇਸ ਮੌਕੇ ਸਿਆਟਲ ਦੇ ਬੁਲਾਰੇ ਗੁਰਦੀਪ ਸਿੰਘ ਸਿੱਧੂ ਤੇ ਬਹਾਦਰ ਸਿੰਘ ਨੇ ਪਾਕਿਸਤਾਨੀ ਵਫਦ ਦਾ ਸਵਾਗਤ ਕਰਦਿਆਂ ਸਮੂਹ ਪੰਜਾਬੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਪਹੁੰਚਣ ਲਈ ਅਪੀਲ ਕੀਤੀ।

ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਤੇ ਰਿਸ਼ਤੇ-ਨਾਤਿਆਂ 'ਚ ਸੁਧਾਰ ਲਿਆ ਕੇ ਗੁਰੂ ਜੀ ਦੀ ਮੱਤ ਅਨੁਸਾਰ ਸਾਂਝੀਵਾਲਤਾ ਦੇ ਉਪਦੇਸ਼ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਮੌਕੇ ਹੀਰਾ ਸਿੰਘ ਭੁੱਲਰ, ਮਾਸਟਰ ਦਲਬੀਰ ਸਿੰਘ ਗੋਰਾਇਆਂ, ਜਸਵਿੰਦਰ ਸਿੰਘ, ਗੁਰਦੇਵ ਸਿੰਘ ਸਮਰਾ, ਬਲਿਹਾਰ ਸਿੰਘ ਲੇਹਲ, ਸਤਪਾਲ ਪੂਰੇਵਾਲ, ਬਲਦੇਵ ਸਿੰਘ ਅਤੇ ਪਾਕਿ ਵਫਦ ਦੇ ਮੋਢੀ ਜਰਨਲਿਸਟ ਪ੍ਰੋ. ਤਫੀਲ ਭੱਟ, ਚੌਧਰੀ ਨਚੀਨ ਤੇ ਖਾਲਿਦ ਨਜ਼ੀਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਸਹਾਇਤਾ ਸੰਸਥਾ ਪੰਜਾਬ ਅੰਦਰ ਹੜ੍ਹ ਪੀੜ੍ਹਤਾਂ ਲਈ 25 ਹਜ਼ਾਰ ਡਾਲਰ ਦੀ ਮੱਦਦ ਕਰੇਗੀ




**ਫਰੀਮੌਂਟ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਹਾਇਤਾ ਸੰਸਥਾ ਜਿਹੜੀ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਅੰਦਰ ਲੋੜਵੰਦ ਲੋਕਾਂ ਦੀ ਮੱਦਦ ਕਰਦੀ ਆ ਰਹੀ ਹੈ। ਇਹ ਸੰਸਥਾ ਦੀ ਇਕਾਈ ਸਹਾਇਤਾ ਪੰਜਾਬ ਟੀਮ ਹੁਣ ਪੰਜਾਬ ਅੰਦਰ ਹੜ ਪੀੜਤ ਲੋਕਾਂ ਦੀ ਮੱਦਦ ਲਈ ਫੇਰ ਅੱਗੇ ਆਈ ਹੈ। ਅੱਜ ਸਹਾਇਤਾ ਮੈਂਬਰਾਂ ਨੇ ਮੀਟਿੰਗ ਕਰਕੇ ਇੱਕ ਅਹਿਮ ਫੈਸਲਾ ਲਿਆ ਅਤੇ 25000 ਡਾਲਰ ਦੀ ਫ਼ੌਰੀ ਮੱਦਦ ਪੰਜਾਬ ਭੇਜਣ ਦਾ ਅਹਿਦ ਲਿਆ। ਸਹਾਇਤਾ ਸੰਸਥਾ ਵੱਲੋਂ ਮਾਲਵੇ ਖੇਤਰ ਵਿੱਚ ਪਹਿਲਾ ਹੀ ਲੋੜਵੰਦ ਕਿਸਾਨਾਂ ਦੀ ਮੱਦਦ ਲਈ ਪ੍ਰੋਗਰਾਮ ਚੱਲ ਰਹੇ ਹਨ ਅਤੇ ਇਸ ਸਮੇਂ ਦੁਆਬੇ ਦੇ ਸਤਲੁਜ ਏਰੀਏ ਦੇ ਕਿਸਾਨ ਹੜ ਦੀ ਮਾਰ ਹੇਠ ਹਨ ਅਤੇ ਉਨ੍ਹਾਂ ਦੀ ਬਾਂਹ ਫੜਨ ਲਈ ਸਹਾਇਤਾ ਵੱਲੋਂ ਫੰਡ ਜਾਰੀ ਕੀਤਾ ਗਿਆ ਹੈ। ਸਹਾਇਤਾ ਦੀ ਟੀਮ ਪੰਜਾਬ ਅੰਦਰ ਜ਼ਮੀਨੀ ਪੱਧਰ ਤੇ ਖ਼ੁਦ ਜਾਕੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੀ ਹੈ 'ਤੇ ਲੋੜਵੰਦ ਲੋਕਾਂ ਦੀ ਨਿਸ਼ਾਨਦੇਹੀ ਕਰ ਰਹੀ ਹੈ। ਸਹਾਇਤਾ ਜਿੱਥੇ ਹੋਰ ਲੋਕਾਂ ਦੀਆਂ ਲੋੜਾਂ ਪ੍ਰਤੀ ਧਿਆਨ ਦੇਵੇਗੀ, ਓਥੇ ਹੀ ਸਭ ਤੋਂ ਪਹਿਲਾਂ ਨੁਕਸਾਨੇ ਗਏ ਸਕੂਲਾਂ ਦੇ ਨਿਰਮਾਣ ਕਾਰਜਾਂ ਵੱਲ ਵਿਸ਼ੇਸ਼ ਧਿਆਨ ਦੇਵੇਗੀ। ਸਹਾਇਤਾ ਦੇ ਬੁਲਾਰੇ ਡਾਕਟਰ ਹਰਕੇਸ਼ ਸੰਧੂ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਦੇ ਲੋਕ ਮੁਸ਼ਕਲ ਵਿੱਚ ਹਨ 'ਤੇ ਇਨਸਾਨੀਅਤ ਦੇ ਨਾਤੇ ਸਾਡਾ ਉਹਨਾਂ ਦੀ ਮੱਦਦ ਕਰਨ ਦਾ ਫਰਜ ਬਣਦਾ ਹੈ। ਉਹਨਾ ਕਿਹਾ ਕਿ ਜੇ ਕੋਈ ਵੀ ਇਸ ਔਖੇ ਮੌਕੇ ਪੰਜਾਬ ਦੇ ਲੋਕਾਂ ਦੀ ਮੱਦਦ ਕਰਨੀ ਚਾਹੇ ਤਾਂ ਸਹਾਇਤਾ ਦੀ ਵੈਬਸਾਈਟ www.sahaita.org. ਤੇ ਜਾ ਕੇ ਦਾਨ ਕਰ ਸਕਦਾ ਹੈ, ਜੇ ਕੋਈ ਸਿੱਧਾ ਚੈਕ ਮੇਲ ਕਰਨਾ ਚਾਹੇ ਤਾਂ Sahaita Inc. 3781 Monte Sereno Terrace, Fremont , CA 94539. ਤੇ ਮੇਲ ਕਰ ਸਕਦਾ ਹੈ। ਉਹਨਾ ਕਿਹਾ ਕਿ 25000 ਡਾਲਰ ਤੋਂ ਬਿਨਾਂ ਜਿੰਨੀ ਵੀ ਲੋਕਾਂ ਵੱਲੋਂ ਰਾਸ਼ੀ ਇਕੱਠੀ ਹੋਵੇਗੀ ਓਹਨੀਂ ਹੀ ਸਹਾਇਤਾ ਆਪਣੇ ਕੋਲੋਂ ਹੋਰ ਪਾਕੇ ਭੇਜੇਗੀ। ਸੋ ਆਓ ਸਾਰੇ ਰਲਕੇ ਸਹਾਇਤਾ ਦੀ ਮੱਦਦ ਕਰੀਏ ਤਾਂ ਕਿ ਆਪਾਂ ਵੱਧ ਤੋਂ ਵੱਧ ਪੰਜਾਬ ਅੰਦਰ ਹੜਾਂ ਦੀ ਸਥਿਤੀ ਵਿੱਚ ਫਸੇ ਸਾਡੇ ਭੈਂਣ ਭਰਾਵਾਂ ਦੀ ਮੱਦਦ ਕਰ ਸਕੀਏ। ਵਧੇਰੇ ਜਾਣਕਾਰੀ ਲਈ ਕਾਲ ਸ. ਸਰੂਪ ਸਿੰਘ (510) 303-4135


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ ਦੇ ਦਰਿਆਵਾਂ ਵਿਚ ਪਾਣੀ ਵਧਿਆ, ਜ਼ਬਰਦਸਤ ਬਾਰਸ਼ ਕਾਰਨ ਹੜ੍ਹ ਦਾ ਖ਼ਤਰਾ

**ਜਲੰਧਰ–** ਪਿਛਲੇ ਦਿਨਾਂ ਤੋਂ ਹਿਮਾਚਲ ਤੇ ਪੰਜਾਬ 'ਚ ਲਗਾਤਾਰ ਪੈ ਰਹੇ ਮੀਂਹ ਕਾਰਨ ਸਤਲੁਜ ਦਰਿਆ 'ਚ ਪਾਣੀ ਦਾ ਪੱਧਰ ਵਧਣ ਕਾਰਨ ਰੋਪੜ ਹੈੱਡ ਵਰਕਸ ਤੋਂ 2,40,000 ਕਿਊਸਿਕ ਪਾਣੀ ਛੱਡਣ ਨਾਲ ਦਰਿਆ ਦੀ ਮਾਰ ਹੇਠ ਆਉਂਦੇ ਪਿੰਡਾਂ 'ਚ ਹੜ੍ਹ ਦਾ ਖ਼ਤਰਾ ਵਧ ਗਿਆ ਹੈ। ਖ਼ਤਰੇ ਨੂੰ ਦੇਖਦਿਆਂ ਪ੍ਰਸ਼ਾਸਨ ਨੇ ਸਤੁਲਜ ਦਰਿਆ ਦੇ ਨਾਲ ਲੱਗਦੇ ਜ਼ਿਲ੍ਹੇ ਦੇ 81 ਪਿੰਡ ਖ਼ਾਲੀ ਕਰਵਾਉਣ ਦੇ ਹੁਕਮ ਦਿੱਤੇ ਹਨ।

ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਸਤਲੁਜ ਦਰਿਆ ਨਾਲ ਲੱਗਦੀਆਂ ਤਹਿਸੀਲਾਂ ਫਿਲੌਰ, ਸ਼ਾਹਕੋਟ ਅਤੇ ਨਕੋਦਰ ਦੇ ਹੜ੍ਹ ਦੀ ਮਾਰ ਹੇਠ ਆਉਣ ਵਾਲੇ 81 ਪਿੰਡ ਖ਼ਾਲੀ ਕਰਵਾਉਣ ਸਬੰਧੀ ਉਕਤ ਸਬ-ਡਵੀਜ਼ਨਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹਨ। ਡੀਸੀ ਨੇ ਫਿਲੌਰ, ਸ਼ਾਹਕੋਟ ਤੇ ਨਕੋਦਰ ਸਬ-ਡਵੀਜ਼ਨਾਂ ਦੇ ਐੱਸਡੀਐੱਮਜ਼ ਨੂੰ ਕਿਹਾ ਹੈ ਕਿ ਸ਼ਾਹਕੋਟ ਸਬ ਡਵੀਜ਼ਨ ਦੇ 63, ਫਿਲੌਰ ਦੇ 13 ਅਤੇ ਨਕੋਦਰ ਦੇ ਪੰਜ ਪਿੰਡਾਂ ਦੇ ਲੋਕਾਂ ਨੂੰ ਉਥੋਂ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਜਾਵੇ।

### ਸ਼ਾਹਕੋਟ ਤਹਿਸੀਲ ਤਹਿਤ ਆਉਂਦੇ ਪਿੰਡ

ਪਿੰਡ ਰਾਮੇ, ਤੇਹਰਪੁਰ, ਚੱਕ ਬਾਹਮਣੀਆਂ, ਰਾਜਾ ਜਾਨੀਆਂ, ਚੱਕ ਵਡਾਲਾ, ਗੜ੍ਹਾ ਮੁੰਡੀ ਕਾਸੂ, ਮੰਡੀ ਸ਼ੇਰੀਆਂ, ਸੰਦ, ਫਕਰੂਵਾਲ, ਭੋਏਪੁਰ, ਬਾਜਵਾ ਖੁਰਦ, ਅਲਦਾਲਪੁਰ, ਤਵਲੰਡੀ ਬੂਟੀਆਂ, ਨਵਾਂ ਪਿੰਡ ਖਾਲੇਵਾਲ, ਰੋਹੜੂ, ਕਮਾਲਪੁਰ, ਜਤੌੜ ਕਲਾਂ, ਚੱਕ ਗਦਾਈਪੁਰ, ਭਗਵਾਨ, ਗੜ੍ਹ ਰਾਏਪੁਰ, ਜਾਨੀਆਂ, ਚਾਹਲ, ਮਹਾਰਾਜਵਾਲਾ, ਮੁੰਡੀ ਚੋਲੀਆਂ, ਕੋਠਾ, ਕੌਂਟ ਬੱਗਾ, ਫਜ਼ਲਵਾਲਾ, ਸੰਧਾਂਵਾਲ, ਲੌਂਗੋਵਾਲ, ਸਹਾਲਪੁਰ, ਬੁੱਢਾ ਵਾਲਾ, ਬਾਜਵਾ ਕਲਾਂ, ਸਾਰੰਗਵਾਲ, ਕਿੱਲੀ, ਸੰਗਤਪੁਰ, ਪੱਤੋ ਕਲਾਂ, ਪੱਤੋ ਖੁਰਦ, ਕੋਹਾੜ ਖੁਰਦ, ਜਫਰਵਾਲ, ਮਾਨਕਪੁਰ, ਕੱਕੜ ਕਲਾਂ, ਕੱਕੜ ਖੁਰਦ, ਕੋਟਲੀ ਕੰਬੋਆਂ, ਹੇਰਾਂ, ਮੋਬਰੀਵਾਲ, ਰਾਏਪੁਰ, ਗੜ੍ਹੀ ਪੀਰਬਖਸ਼, ਕੰਗ ਖੁਰਦ, ਥੇਹ ਖੋਂਹਾਲਗੜ੍ਹ, ਜਲਾਲਪੁਰ ਖੁਰਦ, ਗਿੱਦੜਪਿੰਡੀ, ਦਾਰੇਵਾਲ, ਕੁਤਬੇਵਾਲ, ਮੰਡਾਲਾ ਛੰਨਾ, ਹਾਠੀਆਂ, ਦਾਨੇਵਾਲ, ਬਾਊਪੁਰ, ਲੋਹਗੜ੍ਹ, ਅਤੇ ਮਾਊਂਮਾਚੀ ਸ਼ਾਮਲ ਹਨ।



### ਫਿਲੌਰ ਤਹਿਸੀਲ ਤਹਿਤ ਆਉਂਦੇ ਪਿੰਡ

ਫਿਲੌਰ ਤਹਿਸੀਲ ਦੇ ਪਿੰਡਾਂ ਵਿਚ ਅਚਾਨਚੱਕ, ਸ਼ੋਲੇ ਬਾਜ਼ਾਰ, ਕਾਦੀਆਂ, ਗੰਨਾ ਪਿੰਡ, ਮੀਓਵਾਲ, ਮੌ ਸਾਹਿਬ, ਖੈਰਾ ਬੇਟ, ਲਸਾੜਾ, ਰਾਏਪੁਰ ਅਰਾਈਆਂ, ਸੇਲਕੀਆਣਾ, ਝੰਡੇਪੀਰ, ਭੋਲੇਵਾਲ ਅਤੇ ਭੋਡਾ ਆਦਿ।

### ਨਕੋਦਰ ਤਹਿਸੀਲ ਤਹਿਤ ਆਉਂਦੇ ਪਿੰਡ

ਨਕੋਦਰ ਤਹਿਸੀਲ ਦੇ ਪਿੰਡਾਂ 'ਚ ਬੂਟੇ ਦਾ ਛੰਨਾ, ਮਾਦੇਪੁਰ, ਸੰਗੋਵਾਲ, ਗਡਰਾ ਬੋਡਾ ਅਤੇ ਨਿੱਕੀਆਂ ਸ਼ਾਮਲ ਹਨ।

ਕੈਪਟਨ ਅਮਰਿੰਦਰ ਨੇ ਸਾਰੇ ਡੀਸੀਜ਼ ਨੂੰ ਹੜ੍ਹ ਦੇ ਹਾਲਾਤ ਲਈ ਪਲਾਨ ਤਿਆਰ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵਿੱਟ ਕਰਕੇ ਜਾਣਕਾਰੀ ਦਿੱਤੀ ਹੈ ਕਿ ਬੁਰਜ ਪਿੰਡ ਵਿੱਚ ਛੋਟੇ ਪੱਧਰ ਦੇ ਹਾਲਾਤ ਬਣੇ ਹਨ ਅਤੇ ਇਸ ਲਈ ਐਨਡੀਆਰਐਫ ਨੂੰ ਸੰਮਨ ਕੀਤਾ ਗਿਆ ਹੈ। ਭਾਖੜਾ ਡੈਮ ਦੇ ਫਲੱਡ ਗੇਟ ਸ਼ੁੱਕਰਵਾਰ ਦੇਰ ਰਾਤ ਚੁੱਕੇ ਜਾਣ ਤੋਂ ਬਾਅਦ ਸਤਲੁਜ ਦਰਿਆ ਕੰਢੇ ਵਸੇ ਲੋਕਾਂ ਨੂੰ ਆਫ਼ਤ ਦਿਖਣੀ ਸ਼ੁਰੂ ਹੋ ਗਈ ਹੈ।

ਭਾਖੜਾ ਬਿਆਸ ਮੈਨੇਜ਼ਮੈਂਟ ਬੋਰਡ ਦੇ ਵਾਟਰ ਰੈਗੂਲੇਸ਼ਨ ਡਾਇਰੈਕਟਰ ਸਤੀਸ਼ ਸਿੰਗਲਾ ਨੇ ਦੱਸਿਆ ਕਿ 17 ਅਗਸਤ ਨੂੰ ਦੁਪਹਿਰ ਤੱਕ ਡੈਮ ਵਿੱਚ ਪਾਣੀ 1674.50 ਫੁੱਟ ਦੇ ਕਰੀਬ ਹੋ ਗਿਆ ਹੈ। ਜਦਕਿ ਡੈਮ ਦੇ ਵਿੱਚ ਪਾਣੀ ਭੰਡਾਰ ਕਰਨ ਦੀ ਸਮਰੱਥਾ 1690 ਫੁੱਟ ਹੈ।

ਉਨ੍ਹਾਂ ਦੱਸਿਆ, "ਇਸ ਸਮੇਂ ਡੈਮ ਵਿੱਚੋਂ 53000 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਇੰਨ੍ਹਾਂ ਵਿੱਚੋਂ 36000 ਕਿਊਸਿਕ ਪਾਣੀ ਬਿਜਲੀ ਪੈਦਾ ਕਰਨ ਵਾਲੀਆਂ ਟਰਬਾਈਨਾਂ ਰਾਹੀ ਆ ਰਿਹਾ ਹੈ ਅਤੇ 17000 ਕਿਊਸਿਕ ਪਾਣੀ ਫਲੱਡ ਗੇਟਾਂ ਰਾਹੀ ਛੱਡਿਆ ਜਾ ਰਿਹਾ ਹੈ।" ਸ਼ੁੱਕਰਵਾਰ ਨੂੰ ਡੈਮ ਤੋਂ ਸਤਲੁਜ ਦਰਿਆ ਵਿੱਚ 40000 ਕਿਊਸਿਕ ਪਾਣੀ ਛੱਡੇ ਜਾਣ ਦੀ ਪੁਸ਼ਟੀ ਜਲੰਧਰ ਦੇ ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਕੀਤੀ ਸੀ। ਜਲੰਧਰ ਜ਼ਿਲ੍ਹੇ ਦੇ ਗਿੱਦੜਪਿੰਡੀ ਨੇੜੇ ਸਤਲੁਜ ਦਰਿਆ ਉੱਤੋਂ ਲੰਘਦੇ ਰੇਲਵੇ ਦੇ ਪੁਲ਼ ਦੇ ਹੇਠਲੇ ਢਾਂਚੇ ਦਾ ਪਾਣੀ ਤੋਂ ਫਾਸਲਾ ਸਿਰਫ਼ 3 ਫੁੱਟ ਦਾ ਹੀ ਰਹਿ ਗਿਆ ਹੈ। ਪਾਣੀ ਛੱਡੇ ਜਾਣ ਤੋਂ ਬਾਅਦ ਹਾਲਾਤ ਦਾ ਜਾਇਜ਼ਾ ਲੈਣ ਦਰਿਆ ਨੇੜੇ ਪਹੁੰਚੇ ਗੁਰਵਿੰਦਰ ਸਿੰਘ ਨੇ ਖ਼ਦਸ਼ਾ ਪ੍ਰਗਟਾਇਆ ਕਿ ਜਦੋਂ 40 ਹਜ਼ਾਰ ਕਿਊਸਕ ਪਾਣੀ ਇੱਥੇ ਪਹੁੰਚੇਗਾ ਤਾਂ ਹਾਲਾਤ ਖ਼ਰਾਬ ਵੀ ਹੋ ਸਕਦੇ ਹਨ।

### ਪ੍ਰਸਾਸ਼ਨ ਦੀ ਚੇਤਾਵਨੀ

ਸਤਲੁਜ ਦੇ ਕੰਢੇ ਵੱਸਣ ਵਾਲੇ ਪਿੰਡਾਂ ਦੇ ਲੋਕਾਂ ਨੂੰ ਦਰਿਆ ਦੇ ਨੇੜੇ ਨਾ ਜਾਣ ਅਤੇ ਨੀਵੇਂ ਥਾਵਾਂ ਤੋਂ ਲੋਕਾਂ ਨੂੰ ਬਾਹਰ ਆਉਣ ਦੀ ਸਲਾਹ ਦਿੱਤੀ ਗਈ ਹੈ। ਸ਼ੁੱਕਰਵਾਰ ਨੂੰ ਹੀ ਜਲੰਧਰ ਦੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਸੀ ਕਿ ਮੌਸਮ ਵਿਭਾਗ ਵੱਲੋਂ ਆਉਣ ਵਾਲੇ 72 ਘੰਟਿਆਂ ਵਿੱਚ 120 ਐੱਮਐੱਮ ਤੱਕ ਜ਼ਿਲ੍ਹੇ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

# ਫਗਵਾੜਾ ਜਿਮਨੀ ਚੋਣ ਲਈ ਉਮੀਦਵਾਰੀ ਬਾਰੇ ਕੈਬਿਨੇਟ ਮੰਤਰੀ ਸ਼ਾਮ ਸੁੰਦਰ ਅਰੋੜਾ ਨੇ ਕੀਤੀ ਕਾਂਗਰਸੀ ਵਰਕਰਾਂ ਨਾਲ ਮੀਟਿੰਗ

**ਫਗਵਾੜਾ (ਬੀ.ਕੇ.ਰੱਤੂ)–** ਕਾਂਗਰਸ ਹਾਈਕਮਾਂਡ ਵਲੋਂ ਫਗਵਾੜਾ ਜਿਮਨੀ ਚੋਣ ਨੂੰ ਲੈ ਕੇ ਨਿਯੁਕਤ ਕੀਤੇ ਆਬਜਰਵਰ ਅਤੇ ਪੰਜਾਬ ਦੇ ਕੈਬਿਨੇਟ ਮੰਤਰੀ ਸ਼ਾਮ ਸੁੰਦਰ ਅਰੋੜਾ ਨੇ ਫਗਵਾੜਾ ਦੇ ਰੈਸਟ ਹਾਉਸ ਵਿਖੇ ਬਲਾਕ ਕਾਂਗਰਸ ਫਗਵਾੜਾ (ਸ਼ਹਿਰੀ) ਪ੍ਰਧਾਨ ਸੰਜੀਵ ਬੁੱਗਾ ਕੌਂਸਲਰ ਅਤੇ ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਸਮੇਤ ਸ਼ਹਿਰ ਦੇ ਹੋਰ ਸੀਨੀਅਰ ਕਾਂਗਰਸੀ ਵਰਕਰਾਂ, ਪਿੰਡਾਂ ਦੇ ਪੰਚਾਂ, ਸਰਪੰਚਾਂ, ਨੰਬਰਦਾਰਾਂ ਤੋਂ ਇਲਾਵਾ ਟਕਸਾਲੀ ਕਾਂਗਰਸੀ ਆਗੂਆਂ ਨਾਲ ਮੀਟਿੰਗ ਕਰਕੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਦੀ ਸੰਭਾਵਿਤ ਉਮੀਦਵਾਰੀ ਵਾਰੇ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਵਿਚ ਜੋਗਿੰਦਰ ਸਿੰਘ ਮਾਨ ਵੀ ਮੌਜੂਦ ਸਨ।

ਸੰਜੀਵ ਬੁੱਗਾ, ਦਲਜੀਤ ਰਾਜੂ ਸਮੇਤ ਮੀਟਿੰਗ ਵਿਚ ਹਾਜਰ ਸਮੂਹ ਕਾਂਗਰਸੀ ਵਰਕਰਾਂ ਅਤੇ ਅਹੁਦੇਦਾਰਾਂ ਨੇ ਇਕ ਆਵਾਜ ਵਿਚ ਸ਼ਾਮ ਸੁੰਦਰ ਅਰੋੜਾ ਨੂੰ ਦੱਸਿਆ ਕਿ ਜੋਗਿੰਦਰ ਸਿੰਘ ਮਾਨ ਫਗਵਾੜਾ ਦੇ ਲੋਕਾਂ ਦੇ ਦਿਲਾਂ ਦੀ ਧੜਕਨ ਹਨ। ਉਹਨਾਂ ਦੇ ਮੁਕਾਬਲੇ ਕੋਈ ਵੀ ਉਮੀਦਵਾਰ ਨਾ ਤਾਂ ਕਾਂਗਰਸ ਪਾਰਟੀ ਵਿਚ ਅਤੇ ਨਾ ਹੀ ਕਿਸੇ ਵਿਰੋਧੀ ਧਿਰ ਵਿਚ ਖੜਾ ਹੋਣ ਦੇ ਯੋਗ ਹੈ। ਇਸ ਲਈ ਉਹ ਸਾਰੇ ਚਾਹੁੰਦੇ ਹਨ ਕਿ ਫਗਵਾੜਾ ਸੀਟ ਤੇ ਜੋਗਿੰਦਰ ਸਿੰਘ ਮਾਨ ਨੂੰ ਹੀ ਉਮੀਦਵਾਰ ਬਣਾਇਆ ਜਾਵੇ ਤਾਂ ਜੋ ਸਮੂਹ ਕਾਂਗਰਸੀ ਵਰਕਰ ਇਕਜੁੱਟ ਹੋ ਕੇ ਉਹਨਾਂ ਦੀ ਸ਼ਾਨਦਾਰ ਜਿੱਤ ਲਈ ਹੁਣ ਤੋਂ ਹੀ ਮਿਹਨਤ ਸ਼ੁਰੂ ਕਰਨ। ਜੋਗਿੰਦਰ ਸਿੰਘ ਮਾਨ ਨੇ ਵੀ ਕਿਹਾ ਕਿ ਉਹ



ਪਾਰਟੀ ਦੇ ਵਫਾਦਾਰ ਬਣਕੇ ਪਿਛਲੇ ਕਰੀਬ 30/35 ਸਾਲ ਤੋਂ ਫਗਵਾੜਾ ਵਾਸੀਆਂ ਦੀ ਸੇਵਾ ਕਰ ਰਹੇ ਹਨ।

ਹਲਕੇ ਦੇ ਸਾਰੇ ਵਰਗਾਂ ਦਾ ਉਹ ਸਤਿਕਾਰ ਕਰਦੇ ਹਨ ਅਤੇ ਹਰ ਵਰਗ ਦੇ ਲੋਕਾਂ ਨੇ ਉਹਨਾਂ ਨੂੰ ਭਰਪੂਰ ਪਿਆਰ ਦਿੱਤਾ ਹੈ। ਜੇਕਰ ਪਾਰਟੀ ਉਹਨਾਂ ਨੂੰ ਮੌਕਾ ਦਿੰਦੀ ਹੈ ਤਾਂ ਇਸ ਸੀਟ ਨੂੰ ਯਕੀਨੀ ਤੌਰ ਤੇ ਜਿੱਤ ਕੇ ਪਾਰਟੀ ਦੀ ਝੋਲੀ ਵਿਚ ਪਾਉਣਗੇ ਅਤੇ ਇੱਥੋਂ ਦੇ ਲੋਕਾਂ ਦੀ ਹੋਰ ਵੀ ਤਨਦੇਹੀ ਨਾਲ ਸੇਵਾ ਕਰਨਗੇ। ਮੀਟਿੰਗ ਵਿਚ ਇਸ ਮੌਕੇ ਸੂਬਾ ਸਕੱਤਰ ਅਵਤਾਰ ਸਿੰਘ ਪੰਡਵਾ, ਕੌਂਸਲਰ ਦਰਸ਼ਨ ਲਾਲ ਧਰਮਸੋਤ, ਬੰਟੀ ਵਾਲੀਆ, ਯੂਥ ਪ੍ਰਧਾਨ ਸੌਰਵ ਖੁੱਲਰ, ਹਰਜੀ ਮਾਨ, ਗੁਰਜੀਤ ਪਾਲ ਵਾਲੀਆ, ਵਿੱਕੀ ਰਾਣੀਪੁਰ, ਕ੍ਰਿਸ਼ਨ ਕੁਮਾਰ ਹੀਰੋ, ਰਾਮ ਕੁਮਾਰ ਚੱਢਾ, ਜਿਲ੍ਹਾ ਪਰੀਸ਼ਦ ਮੈਂਬਰ ਨਿਸ਼ਾ ਰਾਣੀ ਖੇੜਾ, ਮੀਨਾ ਰਾਣੀ ਭਬਿਆਣਾ, ਸਰਪੰਚ ਨਿੱਕਾ ਹਰਦਾਸਪੁਰ, ਬਲਾਕ ਸੰਮਤੀ ਮੈਂਬਰ, ਦੇਸਰਾਜ ਝਮਟ, ਅਰਵਿੰਦਰ ਕੌਰ, ਗੁਰਦਿਆਲ ਸਿੰਘ, ਸੁੱਚਾ ਰਾਮ, ਸਤਨਾਮ ਸਿੰਘ, ਅਮਰਜੀਤ ਨੰਗਲ, ਜਸਵੰਤ ਸਿੰਘ ਨੀਟਾ, ਰੇਸ਼ਮ ਕੌਰ, ਪਵਨ ਸੋਨੂੰ, ਵਿਜੇ ਕੁਮਾਰ, ਜੋਗਿੰਦਰ ਸਿੰਘ ਸੁੰਨੜਾ, ਹਰਜੀਤ ਸਿੰਘ ਪਾਂਸ਼ਟਾ, ਸੁਰਿੰਦਰ ਪਾਲ, ਜੰਗ ਬਹਾਦਰ, ਅੰਮ੍ਰਿਤਪਾਲ ਸਿੰਘ ਰਾਣੀਪੁਰ, ਅਮਿਤ ਕੁਮਾਰ, ਦਵਿੰਦਰ ਖਲਿਆਣ, ਨਿਰਮਲਜੀਤ ਸਿੰਘ, ਪਰਮਜੀਤ ਖੰਗੂੜਾ, ਸੰਤੋਸ਼ ਰਾਣੀ ਖੇੜਾ, ਕਮਲਜੀਤ ਕੌਰ, ਜਸਵੀਰ ਕੌਰ, ਡਾ. ਅਮਿਤ, ਮਨੋਹਰ ਸਿੰਘ, ਸੁਰਜੀਤ ਕੌਰ, ਸੰਤੋਸ਼ ਰਾਣੀ, ਗੁਲਜਾਰ ਸਿੰਘ, ਕੁਲਦੀਪ ਖਾਟੀ, ਸਤਪਾਲ ਵਾਹਦ, ਦਲਵੀਰ ਕੌਰ ਮੀਰਾਂਪੁਰ, ਬਿੱਟੂ ਜਮਾਲਪੁਰ, ਜਗਜੀਵਨ ਖਲਵਾੜਾ, ਸੁਰਿੰਦਰ ਪਾਲ, ਤੀਰਥ ਮਹੇੜੂ, ਮਨਜੀਤ ਬਰਨਾ, ਰਾਮ ਆਸਰਾ ਚੱਕ ਪ੍ਰੇਮਾ, ਦਿਲਬਾਗ ਮਲਕਪੁਰ, ਤਰਸੇਮ ਸਿੰਘ ਮਾਇਓਪੱਟੀ ਆਦਿ ਹਾਜਰ ਸਨ।

# ਮੋਦੀ ਸਰਕਾਰ ਦੇ ਕਾਰਜਕਾਲ ਵਿਚ 49 ਫੀਸਦੀ ਵਧਿਆ ਕਰਜ਼ਾ, ਪਹੁੰਚਿਆ 82 ਲੱਖ ਕਰੋੜ ਦੇ ਪਾਰ

**ਮੁੰਬਈ–** ਰੁਜ਼ਗਾਰ, ਬੈਂਕਿੰਗ ਵਿਚ ਨਕਦੀ ਦਾ ਸੰਕਟ ਅਤੇ ਵਧਦੇ ਬਜਟੀ ਘਾਟੇ ਵਰਗੀਆਂ ਸਮੱਸਿਆਵਾਂ ਕਾਰਨ ਸਵਾਲਾਂ ਵਿਚ ਘਿਰੀ ਮੋਦੀ ਸਰਕਾਰ ਨੂੰ ਆਰਥਿਕ ਮੋਰਚੇ 'ਤੇ ਇਕ ਹੋਰ ਵੱਡਾ ਝਟਕਾ ਦੇਣ ਵਾਲੀ ਖਬਰ ਸਾਹਮਣੇ ਆਈ ਹੈ। ਇਸਦੇ ਮੁਤਾਬਕ ਮੋਦੀ ਸਰਕਾਰ ਦੇ ਕਾਰਜਕਾਲ ਵਿਚ ਦੇਸ਼ 'ਤੇ ਕਰਜੇ ਵਿਚ 49 ਫੀਸਦੀ ਵਾਧਾ ਹੋਇਆ ਹੈ।

ਇਹ ਗੱਲ ਖੁਦ ਸਰਕਾਰ ਦੇ ਹੀ ਇਕ ਦਸਤਾਵੇਜ਼ ਤੋਂ ਪ੍ਰਗਟ ਹੋਈ ਹੈ। ਕੇਂਦਰ ਸਰਕਾਰ ਦੇ ਕਰਜ਼ 'ਤੇ ਜਾਰੀ ਸਟੇਟਸ ਪੇਪਰ ਦੇ ਅੱਠਵੇਂ ਐਡੀਸ਼ਨ ਦੇ ਮੁਤਾਬਕ ਬੀਤੇ ਸਾਢੇ ਚਾਰ ਸਾਲ ਦੇ ਦੌਰਾਨ ਸਰਕਾਰ 'ਤੇ ਕਰਜ਼ਾ 49 ਫੀਸਦੀ ਵੱਧ ਕੇ 82 ਲੱਖ ਕਰੋੜ ਰੁਪਏ 'ਤੇ ਪਹੁੰਚ ਗਿਆ। ਵਿੱਤ ਮੰਤਰਾਲੇ ਦੇ ਅੰਕੜਿਆਂ ਦੇ ਮੁਤਾਬਕ ਜੂਨ 2014 ਵਿਚ ਸਰਕਾਰ 'ਤੇ ਕੁੱਲ ਕਰਜ਼ਾ 54.90 ਲੱਖ ਕਰੋੜ ਰੁਪਏ ਸੀ, ਜੋ ਸਤੰਬਰ 2018 ਵਿਚ ਵੱਧ ਕੇ 82.03 ਲੱਖ ਕਰੋੜ ਰੁਪਏ 'ਤੇ ਪਹੁੰਚ ਗਿਆ ਹੈ। ਸਰਕਾਰ 'ਤੇ ਕਰਜ਼ੇ ਵਿਚ ਭਾਰੀ ਵਾਧਾ ਸਰਵਜਨਕ ਕਰਜ਼ਾ 51.7 ਫੀਸਦੀ ਵਧਣ ਦੇ ਕਾਰਨ ਹੋਇਆ। ਇਹ ਸਾਢੇ ਚਾਰ ਸਾਲਾਂ ਵਿਚ 48 ਲੱਖ ਕਰੋੜ ਤੋਂ ਵੱਧ ਕੇ 73 ਲੱਖ ਕਰੋੜ ਰੁਪਏ 'ਤੇ ਪਹੁੰਚ ਗਿਆ।

# ਸਤਲੁਜ ਦਰਿਆ ਨਾਲ ਲੱਗਦੇ ਇਲਾਕਿਆਂ ਵਿਚ ਪਾਣੀ ਦਾ ਕਹਿਰ ਜਾਰੀ

**ਜਲੰਧਰ–** ਪੰਜਾਬ ਤੇ ਹਰਿਆਣਾ ਵਿਚ ਭਾਵੇਂ ਮੰਗਲਵਾਰ ਮੀਂਹ ਨਹੀਂ ਪਿਆ ਪਰ ਦੋਵਾਂ ਸੂਬਿਆਂ ਦੇ ਬਹੁਤੇ ਹਿੱਸਿਆਂ ਵਿਚ ਲੰਘੇ ਦਿਨਾਂ ਦੌਰਾਨ ਹੋਈ ਭਰਵੀਂ ਬਾਰਿਸ਼ ਕਾਰਨ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਹਾਲਾਂਕਿ ਕੁਝ ਪ੍ਰਭਾਵਿਤ ਇਲਾਕਿਆਂ 'ਚ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋਇਆ ਹੈ ਪਰ ਸਤਲੁਜ ਦੇ ਧੁੱਸੀ ਬੰਨ੍ਹਾਂ ਵਿਚ ਪਏ ਪਾੜ ਕਾਰਨ ਲੁਧਿਆਣਾ, ਰੂਪਨਗਰ ਤੇ ਜਲੰਧਰ ਦੇ ਪਿੰਡ ਅਜੇ ਵੀ ਪਾਣੀ ਵਿਚ ਡੁੱਬੇ ਹੋਏ ਹਨ। ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਵਿਚ ਅੱਜ ਚਾਰ ਹੋਰ ਥਾਵਾਂ ਤੋਂ ਪਾੜ ਪੈ ਗਿਆ ਹੈ। ਇਸ ਕਾਰਨ ਜਲੰਧਰ ਤੇ ਕਪੂਰਥਲਾ ਦੇ 80 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਗਏ ਹਨ। ਕਈ ਪਿੰਡਾਂ ਦਾ ਆਪਸ 'ਚ ਸੰਪਰਕ ਟੁੱਟ ਗਿਆ ਹੈ ਤੇ ਉੱਥੇ ਤੱਕ ਪਹੁੰਚਣ ਲਈ ਸਿਰਫ਼ ਕਿਸ਼ਤੀ ਹੀ ਇਕ ਸਾਧਨ ਰਹਿ ਗਈ ਹੈ। ਲੰਘੀ ਰਾਤ ਬੰਨ੍ਹ ਨੂੰ ਮਜ਼ਬੂਤ ਕਰਨ 'ਚ ਲੱਗੇ ਹੋਏ ਲੋਕਾਂ 'ਚੋਂ ਪਿੰਡ ਚੱਕ ਬੁੰਡਾਲਾ ਦਾ ਰਹਿਣ ਵਾਲਾ 25 ਸਾਲ ਦਾ ਵਿਜੇ ਪਾਣੀ ਦੇ ਤੇਜ਼ ਵਹਾਅ ਵਿਚ ਰੁੜ੍ਹ ਗਿਆ। ਉਸ ਨੂੰ ਲੱਭਣ ਲਈ ਐਨਡੀਆਰਐੱਫ ਦੇ ਜਵਾਨ ਲੱਗੇ ਰਹੇ ਪਰ ਉਨ੍ਹਾਂ ਨੂੰ ਸਫ਼ਲਤਾ ਨਹੀਂ ਮਿਲੀ। ਪਾਣੀ ਐਨੀ ਤੇਜ਼ੀ ਨਾਲ ਪਿੰਡਾਂ ਵੱਲ ਵੱਧ ਰਿਹਾ ਸੀ ਕਿ ਲੋਕਾਂ ਨੂੰ ਨਿਕਲਣ ਦਾ ਮੌਕਾ ਨਹੀਂ ਮਿਲਿਆ। ਲੋਕਾਂ ਦੇ ਘਰਾਂ ਵਿਚ ਪਾਣੀ 10 ਤੋਂ 15 ਫੁੱਟ ਤੱਕ ਚਲਾ ਗਿਆ ਹੈ। ਦੋ ਮੰਜ਼ਿਲਾ ਘਰਾਂ 'ਚ ਲੋਕਾਂ ਨੇ ਆਪਣਾ ਸਾਮਾਨ ਉੱਪਰਲੀ ਮੰਜ਼ਿਲ 'ਤੇ ਰੱਖ ਲਿਆ ਹੈ। ਪਾਣੀ ਵਿਚ ਘਿਰੇ ਇਨ੍ਹਾਂ ਲੋਕਾਂ ਲਈ ਭਲਕ ਸਵੇਰ ਤੋਂ ਹਵਾਈ ਫੌਜ ਵੱਲੋਂ ਖਾਣੇ ਅਤੇ ਹੋਰ ਸਾਮਾਨ ਦੇ ਪੈਕੇਟ ਸੁੱਟੇ ਜਾਣਗੇ। ਸਰਕਾਰੀ ਅੰਕੜਿਆਂ ਅਨੁਸਾਰ 30 ਹਜ਼ਾਰ ਏਕੜ ਤੋਂ ਵੱਧ ਫ਼ਸਲ ਤਬਾਹ ਹੋ ਗਈ ਹੈ ਜਦਕਿ ਇਲਾਕੇ ਦੇ ਲੋਕਾਂ ਦਾ ਕਹਿਣਾ ਸੀ ਕਿ ਇਹ ਅੰਕੜਾ ਅੱਧਾ ਵੀ ਨਹੀਂ ਹੈ।

ਦੋ ਦਿਨਾਂ ਦੌਰਾਨ ਸਤਲੁਜ ਦਰਿਆ 'ਚ ਹੁਣ ਤੱਕ 9 ਥਾਵਾਂ ਤੋਂ ਪਾੜ ਪੈ ਚੁੱਕੇ ਹਨ। ਸਤਲੁਜ ਵਿਚ ਅੱਜ ਚਾਰ ਥਾਵਾਂ ਤੋਂ ਪਾੜ ਪਿਆ ਜਦਕਿ ਸੁਲਤਾਨਪੁਰ ਨੇੜਲੇ ਸਰੂਪਵਾਲ ਪਿੰਡ ਵਿਚ ਵੀ ਧੁੱਸੀ ਬੰਨ੍ਹ 'ਚ ਪਾੜ ਪੈ ਗਿਆ। ਇਸ ਨਾਲ 30 ਦੇ ਕਰੀਬ ਪਿੰਡ ਪ੍ਰਭਾਵਿਤ ਹੋਏ ਹਨ। ਸਰੂਪਵਾਲ ਵਿਚ ਪਏ ਪਾੜ ਨੂੰ ਪੂਰਨ ਲਈ ਫ਼ੌਜ ਨੇ ਮੋਰਚਾ ਸੰਭਾਲ ਲਿਆ ਸੀ। ਇਹ ਬੰਨ੍ਹ ਸ਼ਾਮੀ 3.30 ਵਜੇ ਦੇ ਕਰੀਬ ਟੁੱਟ ਗਿਆ ਸੀ। ਜਲੰਧਰ ਦੇ ਡੀਸੀ ਵਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਹੜ੍ਹਾਂ ਨਾਲ ਕਰੀਬ 50 ਪਿੰਡਾਂ ਦੀ 30,000 ਏਕੜ ਜ਼ਮੀਨ ਵਿਚ ਪਾਣੀ ਭਰ ਗਿਆ ਹੈ। ਬੰਨ੍ਹਾਂ ਵਿਚ ਪਏ ਪਾੜਾਂ ਨੂੰ ਪੂਰਨ ਲਈ ਫ਼ੌਜ ਦੀ ਮਦਦ ਲਈ ਜਾ ਰਹੀ ਹੈ ਤੇ ਫ਼ੌਜ ਦੀ ਇਕ ਟੁਕੜੀ ਲੋਹੀਆਂ ਪਹੁੰਚ ਗਈ ਹੈ ਅਤੇ ਇਕ ਹੋਰ ਟੁਕੜੀ ਕਲ ਤੱਕ ਸ਼ਾਹਕੋਟ ਪਹੁੰਚ ਜਾਵੇਗੀ।




# ਸ਼੍ਰੀ ਗੁਰੂ ਰਵਿਦਾਸ ਮੰਦਰ ਤੁਗਲਕਵਾਦ ਨੂੰ ਤੋੜਨ ਦੇ ਵਿਰੋਧ ਵਿਚ ਇਟਲੀ ਅਤੇ ਯੂਰਪ ਦੀਆਂ ਸੰਗਤਾਂ ਨੇ ਦਿੱਤਾ ਯੂ ਐਨ ਓ ਨੂੰ ਮੰਗ ਪੱਤਰ

## ਈ ਵੀ ਐਮ ਮਸ਼ੀਨਾਂ ਨੂੰ ਹਟਾਉਣ ਦੀ ਵੀ ਯੂ ਐਨ ਓ ਨੂੰ ਲਾਹੀ ਗੁਹਾਰ

**ਫਗਵਾੜਾ (ਬੀ.ਕੇ.ਰੱਤੂ)–** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਦਿੱਲੀ ਸਥਿਤ ਤੁਗਲਕਵਾਦ ਦਾ ਮੰਦਰ ਮੋਦੀ ਸਰਕਾਰ ਵੱਲੋਂ ਤੋੜਨ ਦੇ ਰੋਸ ਵੱਜੋਂ ਜਿੱਥੇ ਪੂਰਾ ਪੰਜਾਬ ਅਤੇ ਭਾਰਤ ਪਿੱਛਲੇ ਦਿਨੀ ਬੰਦ ਰਿਹਾ। ਉੱਥੇ ਵਿਦੇਸ਼ਾਂ ਵਿਚ ਬੈਠੀਆਂ ਸ਼੍ਰੀ ਗੁਰੂ ਰਵਿਦਾਸ ਨਾਮਨੇਵਾ ਸੰਗਤਾਂ ਵਿਚ ਵੀ ਭਾਰੀ ਰੋਸ ਅਤੇ ਵਿਰੋਧ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਪੂਰੇ ਯੂਰਪ ਦੇ ਸਾਰੇ ਦੇਸ਼ਾਂ ਵਿਚ ਸਥਿਤ ਭਾਰਤੀਆਂ ਅੰਬੈਸ਼ੀਆਂ ਵਿਚ ਰਵਿਦਾਸ ਨਾਮਨੇਵਾ ਸੰਗਤਾਂ ਭਾਰਤੀ ਕੌਸਲਖਾਨਿਆਂ ਵਿਚ ਮੰਗ ਪੱਤਰ ਦੇ ਕੇ ਮੰਦਰ ਬਣਾਉਂਣ ਦੀਆਂ ਅਪੀਲਾਂ ਵਾਲੇ ਮੰਗ ਪੱਤਰ ਦੇ ਰਹੀਆਂ ਹਨ। ਉੱਥੇ ਇਟਲੀ ਦੇ ਬਹੁਜਨ ਕ੍ਰਾਂਤੀ ਮੋਰਚਾ ਦੇ ਨੋਜਵਾਨਾਂ, ਇਟਲੀ ਦੀਆਂ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਡਾ ਬੀ ਆਰ ਅੰਬੇਡਕਰ ਸੰਭਾਵਾਂ ਦੇ ਕਾਰਕੁਨ ਨੇ ਇੱਕਠੇ ਹੋਕੇ "ਸੰਸਾਰ-ਪੰਚਾਇਤ" ਕਰਕੇ ਜਾਣੀ ਜਾਂਦੀ ਯੂ ਐਨ ਓ (ਯੂਨਾਈਟਿੰਡ ਨੈਸ਼ਨਸ਼) ਦੇ ਅੱਗੇ ਜਾਕੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਨਾਲ ਹੀ ਪਹਿਲਾ ਲਈ ਹੋਈ ਇਜ਼ਾਜਤ ਦੇ ਨਾਲ




ਉੱਥੋ ਦੇ ਉੱਚ ਅਧਿਕਾਰੀਆਂ ਨੂੰ ਭਾਰਤ ਸਰਕਾਰ ਦੇ ਖਿਲਾਫ਼ ਮੰਗ ਪੱਤਰ ਵੀ ਦਿੱਤਾ। ਜਿਸ ਵਿਚ ਉਹਨਾਂ ਨੇ ਜਿੱਥੇ ਭਾਰਤ ਦੇ ਜਾਤੀਪਾਤੀ ਸਿਸਟਮ ’ਤੋ ਸਤਾਏ ਹੋਏ ਐਸ. ਸੀ., ਬੀ.ਸੀ.ਭਾਈਚਾਰੇ ਦੇ ਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਧੱਕੇ ਨਾਲ ਮੰਦਰ ਢਾਉਂਣ ਦੇ ਵਿਰੋਧ ਵਿਚ ਮੰਗ ਪੱਤਰ ਦਿੱਤਾ ਉੱਥੇ ਨਾਲ ਹੀ ਭਾਰਤ ਵਿਚੋ ਈ .ਵੀ .ਐਮ . ਮਸ਼ੀਨਾਂ ਦੁਆਰਾ ਆਏ ਭਾਰਤ ਦੇ ਤਾਨਾਸ਼ਾਹੀ ਰਾਜੇ ਨਰਿੰਦਰ ਮੋਦੀ ਨੂੰ ਹਟਾਉਣ ਦੀ ਅਤੇ ਭਵਿੱਖ ਵਿਚ ਭਾਰਤ ਵਿਚੋਂ ਇਹਨਾਂ ਮਸ਼ੀਨਾਂ ਨੂੰ ਹਟਾਕੇ ਬੈਲਟ ਪੇਪਰ ਤੇ ਵੋਟਾਂ ਕਰਾਉਂਣ ਦੀ ਮੰਗ ਕੀਤੀ। ਇਸ ਸਮੇਂ ਪੂਰੇ ਯੂਰਪ ਵਿਚੋਂ ਸੈਕੜਿਆਂ ਦੀ ਗਿਣਤੀ ਵਿਚ ਪਹੁਚੇ ਹੋਏ ਰਵਿਦਾਸ ਨਾਮਨੇਵਾ ਸੰਗਤਾਂ, ਅੰਬੇਡਕਰੀ ਕਾਰਕੁਨ ਅਤੇ ਹੋਰ ਸਿੱਖ ਜੱਥੇਬੰਦੀਆਂ ਦੇ ਕਾਰਕੁੰਨਾਂ ਨੇ ਅਧਿਕਾਰੀ ਤੋਂ ਮੰਗ ਕੀਤੀ ਕਿ ਭਾਰਤ ਦੇ ਅਨੁਸੂਚਿਤ ਜਾਂਤੀਆਂ ਦੇ ਗਰੀਬ ਲੋਕਾਂ ਨੂੰ ਭਾਰਤ ਦੇ ਬ੍ਰਹਮਣਵਾਦੀ ਤਾਨਾਸ਼ਾਹਾਂ ਤੋਂ ਅਜਾਂਦ ਕਰਾਇਆ ਜਾਵੇ। ਉੱਥੇ ਪਹੁਚਿਆ ਹੋਏ ਹੋਰ ਵੱਖ ਵੱਖ ਦੇਸ਼ਾਂ ਦੇ ਨੁਮਾਇਦਿਆ ਨੇ ਵੀ ਮੀਡੀਆਂ ਅੱਗੇ ਆਪਣੇ ਵਿਚਾਰ ਰੱਖੇ ਅਤੇ ਭਾਰਤ ਦੀ ਮੋਦੀ ਹਿਲਟਰ ਸਰਕਾਰ ਦੀਆਂ ਧੱਕੇਸ਼ਾਹੀਆਂ ਦਾ ਆਏ ਹੋਏ ਲੋਕਾਂ ਸਾਹਮਣੇ ਪਾਜ਼ ਉਧੇੜੇ। ਅਤੇ ਲੋਕਾਂ ਨੂੰ ਇਸ ਹਿਲਟਰਸ਼ਾਹੀ ਅੱਗੇ ਖੜ੍ਹੇ ਹੋਕੇ ਡੱਟ ਕੇ ਮੁਕਾਬਲਾ ਕਰਨ ਅਤੇ ਇਹਨਾਂ ਨੂੰ ਸਬਕ ਸਿਖਾਉਣ ਦੀ ਲੋਕਾਂ ਨੂੰ ਅਪੀਲ ਕੀਤੀ ।

# ‘ਮੋਰਚਾ ਗੁਰੂ ਕਾ ਬਾਗ’ ਸਮਰਪਿਤ ਧਾਰਮਿਕ ਕਵੀ ਦਰਬਾਰ ਸੈਨਹੋਜ਼ੇ ਵਿਖੇ ਸਜਿਆ

**ਸੈਨਹੋਜ਼ੇ (ਬਿਊਰੋ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ’ਮੋਰਚਾ ਗੁਰੂ ਕਾ ਬਾਗ’ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ 3636 ਮੁਰਲੀਓ ਐਵੇਨਿਊ, ਗੁਰਦੁਆਰਾ ਰੋਡ ਸੈਨਹੋਜ਼ੇ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਮੋਰਚੇ ਦੇ ਇਤਿਹਾਸ ’ਤੇ ਰੌਸ਼ਨੀ ਪਾਈ ਗਈ।

ਕਵਿਤਾਵਾਂ ਦੇ ਦੌਰ ਵਿਚ ਸ਼ਾਮਲ ਕਵੀ ਸਨ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਚਰਨਜੀਤ ਸਿੰਘ ਪੰਨੂ, ਤੇਜਿੰਦਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ। ਜਿਹਨਾਂ ਨੇ ਬੀਰ




ਰਸ ਦੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਮੰਚ ਸੰਚਾਲਕ ਗਜਿੰਦਰ ਸਿੰਘ ਮੱਘਰ ਵੱਲੋਂ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਸਫਲਤਾ ’ਤੇ ਖੁਸ਼ੀ ਪ੍ਰਗਟਾਈ ਗਈ ਅਤੇ ਦੱਸਿਆ ਕਿ ਇਹਨਾਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਮੇਂ-ਸਮੇਂ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

ਇਹ ਉਹਨਾਂ ਦੀ ਧਾਰਮਿਕ ਵਿਰਸੇ ਅਤੇ ਬੋਲੀ ਲਈ ਸੇਵਾ ਹੈ। ਅੱਗੇ ਤੋਂ ਵੀ ਇਹਨਾਂ ਵੱਲੋਂ ਧਾਰਮਿਕ ਕਵੀ ਦਰਬਾਰ ਸਜਦੇ ਰਹਿਣਗੇ।

# ਰੇਡੀਓ ਹੋਸਟ ਪਾਲ ਧਾਲੀਵਾਲ ਨਹੀ ਰਹੇ

**ਫਰਿਜਨੋ (ਕੈਲੇਫੋਰਨੀਆਂ)– ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਫਰਿਜਨੋ ਇਲਾਕੇ ਦੇ ਪੰਜਾਬੀ ਭਾਈਚਾਰੇ ਦੀ ਬਹੁਪੱਖੀ ਸ਼ਖ਼ਸੀਅਤ ਉੱਘੇ ਰੇਡੀਓ ਹੋਸਟ ਪਾਲ ਧਾਲੀਵਾਲ ਪਿਛਲੇ ਦਿਨੀਂ ਅਚਾਨਕ ਅਕਾਲ ਚਲਾਣਾਂ ਕਰ ਗਏ, ਉਹ 44 ਸਾਲਾਂ ਦੇ ਸਨ। ਪਾਲ ਧਾਲੀਵਾਲ ਸੋਮਵਾਰ ਸਵੇਰੇ ਕੰਮ ਤੇ ਗਏ ’ਤੇ ਉੱਥੇ ਆਪਣੇ ਦਫਤਰ ਵਿੱਚ ਹੀ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ ਆਪਣੇ ਪਿੱਛੇ ਪਤਨੀ ਤੇ ਇੱਕ ਬੇਟਾ ਛੱਡ ਗਏ ਹਨ। ਪਾਲ ਧਾਲੀਵਾਲ ਨੇ ਬਤੌਰ ਰੇਡੀਓ ਹੋਸਟ ਪੰਜਾਬੀ ਭਾਈਚਾਰੇ ਵਿੱਚ ਆਪਣੀ



ਇੱਕ ਵੱਖਰੀ ਪਹਿਚਾਣ ਬਣਾਈ ਹੋਈ ਸੀ। ਉਹ ਹਰ ਇੱਕ ਨੂੰ ਹਮੇਸ਼ਾਂ ਖਿੜੇ ਮੱਥੇ ਮਿਲਦੇ ਸਨ। ਪਾਲ ਧਾਲੀਵਾਲ ਥੇਇਟਰ ਨਾਲ ਜੁੜੇ ਹੋਣ ਕਰਕੇ ਰੰਗ ਮੰਚ ਨੂੰ ਬੇਥਾਹ ਪਿਆਰ ਕਰਦੇ ਸਨ। ਪਾਲ ਧਾਲੀਵਾਲ ਦਾ ਪਿਛੋਕੜ ਪੰਜਾਬ ਤੋਂ ਮੋਗਾ ਸ਼ਹਿਰ ਨਾਲ ਜੁੜਿਆ ਹੋਇਆ ਹੈ ਅਤੇ ਉਹ ਪਿਛਲੇ ਲੰਮੇ ਸਮੇਂ ਤੋਂ ਫਰਿਜਨੋ ਵਿੱਚ ਰਹਿ ਰਹੇ ਸਨ। ਪਾਲ ਧਾਲੀਵਾਲ ਦੇ ਤੁਰ ਜਾਣ ਨਾਲ ਫਰਿਜਨੋ ਦਾ ਪੂਰਾ ਪੰਜਾਬੀ ਭਾਈਚਾਰਾ ਡੂੰਘੇ ਸੋਗ ਵਿੱਚ ਡੁਬਿਆ ਹੋਇਆ ਹੈ।

ਅਦਾਰਾ ’ਦੇਸ਼ ਦੁਆਬਾ’ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ, ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ।

# ਸਿਆਟਲ ਦੇ ਨਾਮਵਰ ਗਾਇਕ ਰਣਜੀਤ ਤੇਜੀ ਕਾਰ ਹਾਦਸੇ ਵਿਚ ਜ਼ਖਮੀ

ਸਿਆਟਲ (ਗੁਰਚਰਨ ਸਿੰਘ ਢਿੱਲੋਂ)– ਪੰਜਾਬੀ ਭਾਈਚਾਰੇ ਦੀ ਜਾਣੀ ਪਛਾਣੀ ਸ਼ਖਸੀਅਤ ਤੇ ਨਾਮਵਰ ਗਾਇਕ ਰਣਜੀਤ ਤੇਜੀ ਕਾਰ ਐਕਸੀਡੈਂਟ ਵਿਚ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਪਰ ਜਾਨ ਬਚ ਗਈ। ਰਣਜੀਤ ਤੇਜੀ ਟਾਕੋਮਾ ਨੇੜੇ ਵਾਪਸ ਆਪਣੇ ਘਰ ਨੂੰ ਪਰਤਣਸਮੇਂ 38 ਸਟਰੀਟ ਤੇ ਮੈਕਨੇਕਲੇ ਐਵੇਨਿਊ, ਟੀ ਲਾਈਨ ਤੇ ਖੜ੍ਹੇ ਸਨ, ਜਦਕਿ ਪਿੱਛੋਂ ਤੇਜ਼ ਰਫਤਾਰ ਨਾਲ ਆ ਰਹੀ ਕਾਰ ਨੇ ਉਸ ਨੂੰ ਟੱਕਰ



ਮਾਰੀ ਅਤੇ ਰਣਜੀਤ ਤੇਜੀ ਆਪਣੀ ਕਾਰ ’ਚ ਹੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ, ਜਿਸਨੂੰ ਫਾਇਰ ਬ੍ਰਿਗੇਡ ਅਤੇ ਪੁਲਿਸ ਨੇ ਮੁਸ਼ਕਿਲ ਨਾਲ ਕਾਰ ’ਚੋਂ ਕੱਢਿਆ ਤੇ ਹਸਪਤਾਲ ਲੈ ਗਏ। ਟੱਕਰ ਮਾਰਨ ਵਾਲੀ ਔਰਤ ਕੋਲ ਕੋਈ ਇੰਸ਼ੋਰੈਂਸ ਨਹੀਂ ਹੈ ਅਤੇ ਪੁਲਿਸ ਨੇ ਲੋੜੀਂਦੀ ਕਾਰਵਾਈ ਕੀਤੀ ਹੈ।

# 700 ਕੰਪਨੀਆਂ ਵਿਚ ਕੰਮ ਠੱਪ, ਬੇਰੁਜਗਾਰ ਹੋਏ 30 ਹਜ਼ਾਰ ਤੋਂ ਜ਼ਿਆਦਾ ਕਾਮੇ

ਆਟੋਮੈਟਿਕ ਕੰਪੋਨੈਂਟ ਮੈਨੂਫੈਕਚਰਿੰਗ ਐਸੋਸੀਏਸ਼ਨਆਫ ਇੰਡੀਆ (ਪਵਮਾ) ਦੇ ਪ੍ਰਧਾਨ ਰਾਮ ਵੈਂਕਟਰਮਾਨੀ ਨੇ ਕਿਹਾ ਕਿ ਵਾਹਨ ਉਦਯੋਗ ਭਾਰੀ ਮੰਦੀ ਦਾ ਸਾਹਮਣਾ ਕਰ ਰਿਹਾ ਹੈ। ਹਰ ਸ਼੍ਰੇਣੀ ਵਿਚ ਵਾਹਨਾਂ ਦੀ ਵਿੱਕਰੀ ਘਟ ਰਹੀ ਹੈ। ਮੋਟਰ ਪਾਰਟਸ ਇੰਡਸਟਰੀ ਦੀ ਗ੍ਰੋਥ ਵਾਹਨ ਉਦਯੋਗ ’ਤੇ ਨਿਰਭਰ ਹੈ, ਮੌਜੂਦਾ ਸਥਿਤੀ ਵਿਚ ਵਹੀਕਲ ਪ੍ਰੋਡਕਸ਼ਨ ਵਿਚ 15 ਤੋਂ 20 ਫੀਸਦੀ ਦੀ ਕਟੌਤੀ ਹੋਈ ਹੈ, ਜਿਸ ਕਾਰਨ ਮੋਟਰ ਪਾਰਟਸ ਉਦਯੋਗ ਦੇ ਸਾਹਮਣੇ ਸੰਕਟ ਹੈ। ਕੁਝ ਥਾਵਾਂ ਤੇ ਛਾਂਟੀ ਆਰੰਭ ਹੋ ਗਈ ਹੈ। ਮੋਟਰ ਪਾਰਟਸ ਇੰਡਸਟਰੀ ਦੇਸ਼ ਭਰ ਵਿਚ 50 ਲੱਖ ਲੋਕਾਂ ਨੂੰ ਰੁਜ਼ਗਾਰ ਦਿੰਦੀ ਹੈ। ਮੋਟਰ ਪਾਰਟਸ ਮੈਨੂਫੈਕਚਰਰ ਦੇ ਸੰਗਠਨ ਅਵਮਾ ਨੇ ਵਾਹਨ ਖੇਤਰ ਦੇ ਲਈ ਜੀ. ਐਸ. ਟੀ. ਦੀ 18 ਫੀਸਦੀ ਲਾਗੂ ਕਰਨ ਦੀ ਮੰਗ ਕੀਤੀ ਤਾਂ ਜੋ ਪੂਰੇ ਵਹੀਕਲ ਉਦਯੋਗ ਵਿਚ ਮੰਗ ਵਧਾਈ ਜਾ ਸਕੇ, ਜਿਸ ਨਾਲ 10 ਲੱਖ ਨੌਕਰੀਆਂ ਬਚਾਉਣ ਵਿਚ ਮਦਦ ਮਿਲੇ। ਹਾਲੇ ਵਹੀਕਲ ਵਿੰਕਰੀ ਵਿਚ ਮੰਦੀ ਕਾਰਨ ਨੌਕਰੀਆਂ ਦਾਅ ’ਤੇ ਲੱਗੀਆਂ ਹਨ। ਸਾਰੀ ਦੁਨੀਆਂ ਵਿਚ ਆਟੋਮੋਬਾਇਲ ਸੈਕਟਰ ਵਿਚ ਆਈ ਮੰਦੀ ਤੋਂ ਪ੍ਰਭਾਵਿਤ ਹੈ।

### ਟਾਟਾ ਮੋਟਰਸ ਨੂੰ ਪਹਿਲੀ ਤਿਮਾਹੀ ਵਿਚ 3679 ਕਰੋੜ ਦਾ ਘਾਟਾ

ਟਾਟਾ ਮੋਟਰਸ ਨੂੰ ਚਾਲੂ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਵਿਚ 3679 ਕਰੋੜ ਦਾ ਘਾਟਾ ਪਿਆ ਹੈ। ਇਸ ਵਿਚ ਪਿਛਲੇ ਸਾਲ ਦੀ ਇਸੇ ਸਮੇਂ ਵਿਚ ਕੰਪਨੀ ਨੂੰ 156257 ਕਰੋੜ ਦਾ ਨੁਕਸਾਨ ਹੋਇਆ ਸੀ।

# ਨੋਟਬੰਦੀ ਨੇ ਖੋਹਿਆ ਸੀ 1.10 ਕਰੋੜ ਲੋਕਾਂ ਦਾ ਰੁਜ਼ਗਾਰ

**ਨਵੀਂ ਦਿੱਲੀ–** ਨੋਟਬੰਦੀ ਨੇ ਕਿਵੇਂ ਕਹਿਰ ਢਾਹਿਆ ਸੀ ਅਤੇ ਕਿੰਨੇ ਲੋਕਾਂ ਨੂੰ ਇਸਦੇ ਕਾਰਨ ਆਪਣੀ ਨੌਕਰੀ ਜਾਂ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਸੀ। ਇਹ ਜਾਣਕਾਰੀ ਨੈਸ਼ਨਲ ਸੈਂਪਲ ਸਰਵੇ ਆਰਗੇਨਾਈ-ਜੇਸ਼ਨ ਵੱਲੋਂ ਜਾਰੀ ਕੀਤੀ ਗਈ ਹੈ। ਇਹ ਸਰਵੇ ਰੁਜ਼ਗਾਰ ਅਤੇ ਬੇਰੁਜ਼ਗਾਰੀ ਨੂੰ ਲੈ ਕੇ 2017-18 ਸਾਲ ਦੇ ਲਈ ਕੀਤਾ ਗਿਆ ਇਹ ਸਰਵੇਖਣ ਸਾਫ ਤੌਰ ਤੇ ਦਰਸਾਉਂਦਾ ਹੈ ਕਿ 2018 ਵਿਚ ਨੋਟਬੰਦੀ ਦੇ ਕਾਰਨ 1 ਕਰੋੜ 10 ਲੱਖ ਲੋਕਾਂ ਨੂੰ ਆਪਣਾ ਰੁਜ਼ਗਾਰ ਗੁਆਉਣਾ ਪਿਆ ਸੀ। ਇਸਦੇ ਬਾਵਜੂਦ ਸਰਕਾਰ ਦਾਅਵਾ ਕਰਦੀ ਰਹੀ ਹੈ ਕਿ ਨੌਕਰੀ ਜਾਂ ਧੰਦੇ ਦਾ ਕੋਈ ਨੁਕਸਾਨ ਨਹੀਂ ਹੋਇਆ ਅਤੇ ਬਹੁਤ ਸਾਰੇ ਉਦਯੋਗ ਆਰੰਭ ਹੋਏ, ਜਿਸ ਵਿਚ ਲੋਕਾਂ ਨੂੰ ਕੰਮ ਮਿਲਿਆ ਹੋਇਆ ਸੀ। ਇਸ ਰਿਪੋਰਟ ਦੇ ਆਉਣ ’ਤੇ ਉਮੀਦ ਸੀ ਕਿ ਸਰਕਾਰ ਨੋਟਬੰਦੀ ਦੇ ਕਾਰਨ ਹੋਈ ਵਿਆਪਕ ਬੇਰੁਜ਼ਗਾਰੀ ਬਾਰੇ ਬਿਆਨ ਦੇਵੇਗੀ ਪਰ ਅਜਿਹਾ ਨਹੀਂ ਹੋਇਆ। ਸਰਕਾਰ ਦੁਆਰਾ ਨੈਸ਼ਨਲ ਸੈਂਪਲ ਸਰਵੇ ਦੀ ਰਿਪੋਰਟ ਪਿਛਲੇ 2 ਮਹੀਨੇ ਤੋਂ ਰੋਕੇ ਜਾਣ ਦੇ ਕਾਰਨ ਰਾਸ਼ਟਰੀ ਅੰਕੜਾ ਕਮਿਸ਼ਨ ਦੇ ਕਾਰਜਕਾਰੀ ਮੁਖੀ ਪੀ. ਸੀ. ਮੋਹਨਨ ਅਤੇ ਉਹਨਾਂ ਦੀ ਸਹਿਯੋਗੀ ਜੇਬੀ ਮੀਨਾਕਸ਼ੀ ਨੇ ਅਸਤੀਫਾ ਦੇ ਦਿੱਤਾ। ਹੁਣ ਸਿਰਫ ਨੀਤੀ ਆਯੋਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਮਿਤਾਬ ਕਾਂਤ ਐਨ. ਐਸ. ਸੀ. ਦਾ ਕੰਮ ਸੰਭਾਲ ਰਹੇ ਹਨ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਕਿਉਂਕਿ ਕੌਮੀ ਸੈਂਪਲ ਸਰਵੇ ਨੇ ਰੁਜ਼ਗਾਰ ਦੇ ਮਾਮਲੇ ਵਿਚ ਚੰਗੀ ਤਸਵੀਰ ਪੇਸ਼ ਨਹੀਂ ਕੀਤਾ, ਇਸ ਕਰਕੇ ਇਹ ਰਿਪੋਰਟ ਰੋਕ ਦਿੱਤੀ ਗਈ। ਇਹ ਸੰਗਠਨ ਹਰ 5 ਸਾਲ ਵਿਚ ਇਕ ਵਾਰ ਰੁਜ਼ਗਾਰ ਅਤੇ ਬੇਰੁਜ਼ਗਾਰੀ ਨਾਲ ਸਬੰਧਤ ਸਰਵੇ ਪੇਸ਼ ਕਰਦਾ ਸੀ। ਉਸਨੇ ਆਪਣਾ ਪਿਛਲਾ ਸਰਵੇ 2011-12 ਵਿਚ ਪੇਸ਼ ਕੀਤਾ ਸੀ, ਫਿਰ ਹੁਣ 2017-18 ਦਾ ਸਰਵੇ ਪੇਸ਼ ਕੀਤਾ।


## ‘ਦੇਸ਼ ਦੁਆਬਾ’

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।



**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

# ਵਰਜੀਨੀਆ ਵਿੱਚ ਇਕ ਬੇਕਾਬੂ ਪਿਕਅੱਪ ਟਰੱਕ ਹਾਦਸੇ ਚ' ਮਾਰੇ ਗਏ ਇਕੋ ਹੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮਦਦ ਲਈ ਸਿੱਖ ਭਾਈਚਾਰਾ ਅੱਗੇ ਆਇਆ

**ਨਿਊਜਰਸੀ, (ਰਾਜ ਗੋਗਨਾ )–** ਕਾਰਟਰੇਟ (ਨਿਊ ਜਰਸੀ), ਦੇ ਰਹਿਣ ਵਾਲੇ ਇੱਕੋ ਹੀ ਪਰਿਵਾਰ ਦੇ ਤਿੰਨ ਮੈਂਬਰ ਪੇਜ ਕਾਉਟੀ ਵਰਜੀਨੀਆ ਸੂਬੇ ਵਿੱਚ ਸੜਕ ਹਾਦਸੇ ਦੌਂਰਾਨ ਆਪਣਾ ਸਾਰਾ ਪਰਿਵਾਰ ਗਵਾਉਣ ਵਾਲੇ ਉਹਨਾਂ ਦੇ 11 ਸਾਲਾ ਦੇ ਪੁੱਤਰ ਯਸ਼ਵੀਰ ਸਿੰਘ ਜੋ ਹਾਦਸੇ ਦੋਰਾਨ ਜਖਮੀ ਹੋ ਗਿਆ ਸੀ ਦੀ ਮਦਦ ਲਈ ਅਮਰੀਕਾ ਦਾ ਸਿੱਖ ਭਾਈਚਾਰਾ ਪੂਰੀ ਤਰਾਂ ਡੱਟ ਗਿਆ ਹੈ ਅਤੇ ਹੁਣ ਤੱਕ ਉਹਨਾਂ 1 ਲੱਖ 75 ਹਜ਼ਾਰ ਡਾਲਰ ਦੀ ਰਕਮ ਇਕੱਠੀ ਕੀਤੀ ਜਾ ਚੁੱਕੀ ਹੈ। ਨਿਊ ਜਰਸੀ ਦੇ ਪੰਜਾਬੀਆਂ ਦੇ ਸੰਘਣੀ ਵੱਸੋ ਵਾਲੇ ਸ਼ਹਿਰ ਕਾਰਟਰੇਟ ਵਿੱਚ ਸਿੱਖ ਭਾਈਚਾਰੇ ਵੱਲੋਂ ਜਾਨੋ ਬਚੇ ਯਸ਼ਵੀਰ ਸਿੰਘ ਦੇ ਜਲਦੀ ਸਿਹਤਯਾਬ ਹੋਣ ਦੀ ਅਰਦਾਸ ਵੀ ਕੀਤੀ ਜਾ ਰਹੀ ਹੈ।ਅਤੇ ਯਸ਼ਵੀਰ ਸਿੰਘ (11) ਸਾਲ ਦੀ ਮਦਦ ਵਾਸਤੇ ਬਣਾਏ ਗੋਫ਼ੰਡਮੀ ਪੇਜ 'ਤੇ ਇਹ ਵੀ ਲਿਖਿਆ ਹੈ ਕਿ ਭਾਵੇਂ ਯਸ਼ਵੀਰ ਦੇ ਮਾਪਿਆਂ ਦੀ ਕਮੀ ਕੋਈ ਵੀ ਪੂਰੀ ਨਹੀਂ ਕਰ ਸਕਦਾ ਪਰ ਸਾਰਿਆਂ ਨੂੰ ਇਕੱਠੇ ਹੋ ਕੇ ਉਸ ਦੇ ਮੈਡੀਕਲ ਖਰਚੇ ਅਤੇ ਪਰਿਵਾਰ ਦੇ ਤਿੰਨ ਜੀਆਂ ਦੇ ਅੰਤਮ ਸੰਸਕਾਰ 'ਤੇ ਹੋਣ ਵਾਲੇ ਖਰਚੇ ਅਤੇ ਯਸ਼ਵੀਰ ਸਿੰਘ ਦੇ ਭਵਿੱਖ ਲਈ ਆਪਣਾ ਯੋਗਦਾਨ ਪਾਉਣਾ





ਚਾਹੀਦਾ ਹੈ। ਦੱਸ ਦੇਈਏ ਕਿ ਮਿਡਲਸੈਕਸ ਕਾਊਂਟੀ ਦੇ ਕਾਰਟਰੇਟ ਸ਼ਹਿਰ ਚ' ਰਹਿੰਦੇ ਗੁਰਮੀਤ ਸਿੰਘ ਆਪਣੀ ਪਤਨੀ ਜਸਲੀਨ ਕੌਰ ਅਤੇ ਦੋਵੇਂ ਬੱਚਿਆਂ ਨਾਲ ਮਿੰਨੀ ਵੈਨ ਵਿੱਚ ਜਾ ਰਿਹਾ ਸੀ ਜਦੋਂ ਵਰਜੀਨੀਆ ਸੂਬੇ ਦੀ ਪੇਜ ਕਾਊਂਟੀ ਵਿਚ ਇਕ ਬੇਕਾਬੂ ਪਿਕਅੱਪ ਟਰੱਕ ਨੇ ਇਹਨਾਂ ਦੀ ਗੱਡੀ ਨੂੰ ਟੱਕਰ ਮਾਰ ਦਿਤੀ। ਜਿਸ ਦੌਰਾਨ ਗੁਰਮੀਤ ਸਿੰਘ, ਉਸ ਦੀ ਪਤਨੀ ਜਸਲੀਨ ਕੌਰ ਅਤੇ 6 ਸਾਲਾ ਦੀ ਬੱਚੀ ਦੀ ਮੌਕੇ 'ਤੇ ਮੌਤ ਹੋ ਗਈ ਸੀ ਜਦ ਕਿ ਉਸ ਪਰਿਵਾਰ ਦਾ ਯਸ਼ਵੀਰ ਸਿੰਘ (11) ਸਾਲ ਗੰਭੀਰ ਜ਼ਖ਼ਮੀ ਹੋ ਗਿਆ

# ਪ੍ਰਗਤੀਸ਼ੀਲ ਲਿਖਾਰੀ ਸਭਾ ਵੂਲਵਰਹੈਂਪਟਨ ਵੱਲੋਂ ਅਨਿਲ ਸ਼ਰਮਾ ਇਟਲੀ ਦਾ ਸਨਮਾਨ

**ਲੰਡਨ (ਮਨਦੀਪ ਖੁਰਮੀ)–** ਪ੍ਰਗਤੀਸ਼ੀਲ ਲਿਖਾਰੀ ਸਭਾ ਵੂਲਵਰਹੈਂਪਟਨ ਵੱਲੋਂ ਵਿਸ਼ੇਸ਼ ਸਾਹਿਤ ਇਕੱਤਰਤਾ ਪ੍ਰਧਾਨ ਡਾ. ਰਤਨ ਰੀਹਲ ਦੀ ਅਗਵਾਈ ਹੇਠ ਕੀਤੀ ਗਈ। ਜਿਸ ਵਿੱਚ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਫਿਲਮ ਅਦਾਕਾਰ ਚਰਨਜੀਤ ਸੰਧੂ ਨੇ ਵੀ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਰਤਨ ਰੀਹਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਹਾਜਰੀਨ ਨਾਲ ਸਭਾ ਵੱਲੋਂ ਕੀਤੇ ਜਾਂਦੇ ਕਾਰਜਾਂ ਦੀ ਜਾਣ ਪਛਾਣ ਕਰਵਾਈ। ਇਸ ਸਮੇਂ ਸਾਹਿਤ, ਸੱਭਿਆਚਾਰ ਤੇ ਖੇਡ ਜਗਤ ਦੀ ਪ੍ਰਫੁੱਲਤਾ ਵਿੱਚ ਸਰਗਰਮ ਸਖ਼ਸ਼ ਅਨਿਲ ਸ਼ਰਮਾ ਇਟਲੀ ਦਾ ਮੈਡਲ ਨਾਲ ਸਨਮਾਨ ਕੀਤਾ ਗਿਆ। ਸਕੱਤਰ ਭੁਪਿੰਦਰ ਸਿੰਘ ਸੱਗੂ, ਖਜਾਨਚੀ ਮਹਿੰਦਰ ਸਿੰਘ ਦਿਲਬਰ, ਸਟੇਜ ਸਕੱਤਰ ਨਿਰਮਲ ਸਿੰਘ ਕੰਧਾਲਵੀ, ਨਛੱਤਰ ਸਿੰਘ ਭੋਗਲ ਨੇ ਆਪਣੇ ਸੰਬੋਧਨ ਦੌਰਾਨ ਅਨਿਲ ਸ਼ਰਮਾ ਦੇ ਨਿਸ਼ਕਾਮ ਕਾਰਜਾਂ ਦੀ ਸ਼ਲਾਘਾ ਕਰਦਿਆਂ ਹਰ ਇੱਕ ਨੂੰ ਆਪਣੇ ਹਿੱਸੇ ਦਾ ਯੋਗਦਾਨ ਆਪਣੇ ਮਨਭਾਉਂਦੇ ਖੇਤਰ ਵਿੱਚ ਪਾਉਂਦੇ ਰਹਿਣ ਦੀ ਅਪੀਲ ਕੀਤੀ ਤਾਂ ਕਿ ਸਮਾਜ ਦੀ ਝੋਲੀ ਕੁਝ ਨਰੋਏ ਵਿਚਾਰ ਜਾਂ ਕਾਰਜ ਪਾਏ ਜਾ ਸਕਣ। ਸਨਮਾਨ ਉਪਰੰਤ ਅਨਿਲ ਸ਼ਰਮਾ ਨੇ ਪ੍ਰਗਤੀਸ਼ੀਲ ਲਿਖਾਰੀ ਸਭਾ ਵੂਲਵਰਹੈਂਪਟਨ ਦੇ ਸਮੂਹ ਅਹੁਦੇਦਾਰਾਂ ਤੇ ਹਾਜਰੀਨ ਦਾ ਧੰਨਵਾਦ ਕਰਦਿਆਂ ਅੱਗੇ ਤੋਂ ਹੋਰ ਵਧੇਰੇ ਊਰਜਾ ਨਾਲ ਕਾਰਜ ਕਰਦੇ ਰਹਿਣ ਦਾ ਵਾਅਦਾ ਦੁਹਰਾਇਆ।



# ਚੇਅਰਮੈਨ ਮੋਹਨ ਲਾਲ ਸੂਦ ਦਾ ਹੋਇਆ ਸਨਮਾਨ

**ਫਗਵਾੜਾ (ਬੀ.ਕੇ.ਰੱਤੂ)–** ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਮੋਹਨ ਲਾਲ ਸੂਦ (ਰਿਟਾਇਰਡ ਨਿਗਰਾਨ ਇੰਜੀਨੀਅਰ ਪੀ. ਡਬਲਯੂ. ਡੀ) ਦਾ ਫਗਵਾੜਾ ਦੇ ਮੁਹੱਲਾ ਹਦੀਆਬਾਦ ਵਿਖੇ ਪੁੱਜਣ ਤੇ ਸੀਨੀਅਰ ਕਾਂਗਰਸੀ ਆਗੂ ਰਾਮ ਕੁਮਾਰ ਚੱਢਾ, ਕ੍ਰਿਸ਼ਨ ਕੁਮਾਰ ਹੀਰੋ ਅਤੇ ਹੋਰਨਾਂ ਦੀ ਅਗਵਾਈ ਹੇਠ ਨਿੱਘਾ ਸਵਾਗਤ ਕੀਤਾ ਗਿਆ। ਕ੍ਰਿਸ਼ਨ ਕੁਮਾਰ ਹੀਰੋ ਨੇ ਕਿਹਾ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਮੋਹਨ ਲਾਲ ਸੂਦ ਵਲੋਂ ਪਾਰਟੀ ਲਈ ਨਿਭਾਈਆਂ ਸੇਵਾਵਾਂ ਦਾ ਚੇਅਰਮੈਨ ਨਿਯੁਕਤ ਕਰਕੇ ਜੋ ਸਤਿਕਾਰ ਕੀਤਾ ਹੈ ਉਹ ਸਵਾਗਤ ਯੋਗ ਹੈ।



# ਇੰਗਲੈਂਡ ਦੌਰੇ 'ਤੇ ਆਏ ਚਰਚਿਤ ਫਿਲਮ ਡਾਇਰੈਕਟਰ ਸਿਮਰਜੀਤ ਸਿੰਘ ਤੇ ਸਾਥੀ ਕਲਾਕਾਰਾਂ ਨੇ ਸਾਂਝੇ ਕੀਤੇ ਅਨੁਭਵ

**ਲੰਡਨ (ਮਨਦੀਪ ਖੁਰਮੀ)** ''ਕਿਸੇ ਵੀ ਖੇਤਰ ਵਿੱਚ ਆਪਣੀ ਪਛਾਣ ਕਾਇਮ ਕਰਨ ਵਿੱਚ ਜਿੱਥੇ ਅਣਥੱਕ ਮਿਹਨਤ ਆਪਣਾ ਅਸਰ ਦਿਖਾਉਂਦੀ ਹੈ, ਉੱਥੇ ਉਸ ਮਿਹਨਤ ਨੂੰ ਪ੍ਰਵਾਨ ਚੜ੍ਹਾਉਣ ਲਈ ਕਦਰਦਾਨ ਲਿਆਕਤਮੰਦ ਸਿਰਾਂ ਦਾ ਯੋਗਦਾਨ ਵੀ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਸ਼ੁਹਰਤ ਮਿਲਣੀ ਅਜੇ ਸੌਖੀ ਹੈ ਪਰ ਉਸਨੂੰ ਬਰਕਰਾਰ ਰੱਖਣਾ ਤੇ ਚਾਹਵਾਨਾਂ ਦੀਆਂ ਨਜ਼ਰਾਂ 'ਚ ਇੱਜ਼ਤ ਬਣਾਈ ਰੱਖਣਾ ਬੇਹੱਦ ਮੁਸ਼ਕਿਲ ਕਾਰਜ ਹੈ। ਜਿਹੜਾ ਇਨਸਾਨ ਇਹਨਾਂ ਸੰਜੀਦਾ ਗੱਲਾਂ ਨੂੰ ਦਿਮਾਗ 'ਚ ਰੱਖ ਕੇ ਅੱਗੇ ਤੁਰਦਾ ਹੈ, ਉਹ ਲੋਕਾਂ ਕੋਲੋਂ ਬਿਨਾਂ ਮੰਗੇ ਆਖਰੀ ਸਾਹ ਤੱਕ ਪਿਆਰ ਹਾਸਲ ਕਰਦਾ ਰਹਿੰਦਾ ਹੈ।'' ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਫਿਲਮ ਜਗਤ ਵਿੱਚ ਚਰਚਿਤ ਡਾਇਰੈਕਟਰ ਸਿਮਰਜੀਤ ਸਿੰਘ ਨੇ ਵਿਸ਼ੇਸ਼ ਮਿਲਣੀ ਦੌਰਾਨ ਕੀਤਾ ਕੀਤਾ।



ਆਪਣੀ ਨਵੀਂ ਫਿਲਮ ਦੀ ਸ਼ੂਟਿੰਗ ਦੇ ਸੰਬੰਧ ਵਿੱਚ ਇੰਗਲੈਂਡ ਦੌਰੇ 'ਤੇ ਆਏ ਸਿਮਰਜੀਤ ਸਿੰਘ, ਪ੍ਰਸਿੱਧ ਹਾਸਰਸ ਕਲਾਕਾਰ ਜਸਵਿੰਦਰ ਭੱਲਾ, ਪ੍ਰਕਾਸ਼ ਗਾਧੂ, ਸੁੱਖੀ ਚਾਹਲ, ਰਵਿੰਦਰ ਮੰਡ, ਚਰਨਜੀਤ ਸੰਧੂ ਨੇ ਆਪਣੇ ਕਲਾ ਖੇਤਰ ਨਾਲ ਸੰਬੰਧਤ ਕੌੜੇ ਮਿੱਠੇ ਤਜ਼ਰਬਿਆਂ ਦੀ ਦਾਸਤਾਨ ਰੌਚਕ ਢੰਗ ਨਾਲ ਪੇਸ਼ ਕਰਦਿਆਂ ਦੱਸਿਆ ਕਿ ਦਰਸ਼ਕ ਦੀ ਰੂਹ ਦੀ ਖੁਰਾਕ ਤਿਆਰ ਕਰਨ ਲਈ ਕਲਾਕਾਰ ਨੂੰ ਆਪਣੇ ਮਨ 'ਤੇ ਬਹੁਤ ਕੁਝ ਹੰਢਾਉਣਾ ਪੈਂਦਾ ਹੈ। ਕਈ ਵਾਰ ਆਸੇ ਪਾਸੇ ਦਾ ਮਾਹੌਲ ਸੁਖਦ ਹੁੰਦਾ ਹੈ ਪਰ ਇੱਕ ਕਲਾਕਾਰ ਵਜੋਂ ਉਦਾਸ ਪਲਾਂ ਦੀ ਪੇਸ਼ਕਾਰੀ ਕਰਨ ਲਈ ਇੱਕ ਵੱਖਰੀ ਦੁਨੀਆ ਦਾ ਪਾਤਰ ਬਣ ਕੇ ਵਿਚਰਨਾ ਪੈਂਦਾ ਹੈ। ਵਿਸ਼ਵ ਪ੍ਰਸਿੱਧ ਨਾਵਲਕਾਰ, ਫਿਲਮ ਪਟਕਥਾ ਤੇ ਸੰਵਾਦ ਲੇਖਕ ਸ਼ਿਵਚਰਨ ਜੱਗੀ ਕੁੱਸਾ, ਸਾਹਿਤ ਸੱਭਿਆਚਾਰ ਤੇ ਖੇਡ ਜਗਤ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਅਨਿਲ ਸ਼ਰਮਾ ਨੇ ਕਲਾਕਾਰਾਂ ਦੀ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ ਕਲਾਕਾਰ ਕਿਸੇ ਵੀ ਖਿੱਤੇ ਦੇ ਦੂਤ ਹੁੰਦੇ ਹਨ ਤੇ ਉਹਨਾਂ ਨੂੰ ਕਦਮ ਦਰ ਕਦਮ ਉਤਸ਼ਾਹਿਤ ਕਰਨਾ ਵੀ ਸਾਡਾ ਸਭ ਦਾ ਸਾਂਝਾ ਫਰਜ਼ ਹੈ।




# ਸ੍ਰੀ ਗੁਰੂ ਰਵਿਦਾਸ ਮੰਦਰ ਢਾਹੇ ਜਾਣ ਵਿਰੁੱਧ ਸੋਫੀ ਪਿੰਡ ਹਾਥੀ ਗੇਟ ਚੌਂਕ ਵਿਖੇ ਰੋਸ ਧਰਨਾ







**ਜਲੰਧਰ (ਤਰਸੇਮ ਜਲੰਧਰੀ–** ਦਿੱਲੀ ਦੇ ਤੁਗਲਕਾਬਾਦ ਇਲਾਕੇ ਵਿਚ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਢਾਹੁਣ ਦੀ ਮੰਦਭਾਗੀ ਕਾਰਵਾਈ ਦੇ ਵਿਰੁੱਧ ਸੋਫੀ ਪਿੰਡ ਹਾਥੀ ਗੇਟ ਚੌਂਕ ਵਿਖੇ ਦਲਿਤਾਂ ਵੱਲੋਂ ਰੋਸ ਧਰਨਾ ਦਿੱਤਾ ਗਿਆ ਅਤੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਸੋਫੀ ਪਿੰਡ ਦੇ ਨਾਲ ਲੱਗਦੇ ਪਿੰਡ ਅਲੀਪੁਰ, ਕਾਸ਼ਮਪੁਰ, ਕੁੱਕੜ ਪਿੰਡ, ਕੋਟ ਕਲਾਂ, ਨੰਗਲ ਕਰ–ਾਰਖਾਂ, ਰਹਿਮਾਨਪੁਰ, ਅਲਾਦੀਨਪੁਰ ਅਤੇ ਖੁਸਰੋਪੁਰ ਬੰਬੀਆਵਾਲ ਦੀਆਂ ਸੰਗਤਾਂ ਨੇ ਭਾਰੀ ਗਿਣਤੀ ਵਿਚ ਰੋਸ ਪ੍ਰਦਰਸ਼ਨ ਕੀਤਾ ਅਤੇ ਧਰਨਾ ਦਿੱਤਾ ਜੋ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਚਲਦਾ ਰਿਹਾ।

ਧਰਨਾਕਾਰੀਆਂ ਨੇ ਪ੍ਰਧਾਨ ਮੰਤਰੀ ਮੋਦੀ ਸਰਕਾਰ ਖਿਲਾਫ ਸਖਤ ਨਾਅਰੇਬਾਜ਼ੀ ਕੀਤੀ ਅਤੇ ਜਲਦਬਾਜ਼ੀ ਵਿਚ ਕੀਤੀ ਇਸ ਮੰਦਭਾਗੀ ਕਾਰਵਾਈ ਦੀ ਸਖਤ ਨਿਖੇਧੀ ਕੀਤੀ। ਧਰਨਾਕਾਰੀਆਂ ਨੇ ਮੰਗ ਕੀਤੀ ਕਿ ਸ੍ਰੀ ਗੁਰੂ ਰਵਿਦਾਸ ਮੰਦਰ ਦੁਆਰਾ ਬਣਾਇਆ ਜਾਵੇ ਤੇ ਮੰਦਰ ਦੀ 13 ਵਿੱਘੇ ਜ਼ਮੀਨ ਰਵਿਦਾਸੀਆ ਕੌਮ ਨੂੰ ਵਾਪਸ ਕੀਤੀ ਜਾਵੇ। ਇਸ ਰੋਸ ਧਰਨੇ ਨੂੰ ਐਡਵੋਕੇਟ ਹਰਭਜਨ ਸਾਂਪਲਾ, ਮੁਲਖ ਰਾਜ, ਜਗਦੀਸ਼ ਰਾਣਾ, ਫੁੱਲ ਚੰਦ, ਜੋਗਿੰਦਰ ਪਾਲ, ਬਲਬੀਰ ਭਲਵਾਨ, ਗੁਰਮੀਤ ਸਾਂਪਲਾ, ਚਮਨ ਸਾਂਪਲਾ, ਸੋਢੀ ਰਾਮ, ਨੰਬਰਦਾਰ ਰਵਿੰਦਰ ਚੌਧਰੀ, ਧਰਮਪਾਲ ਲੀਲ, ਸਤਨਾਮ ਬੰਬੀਆਵਾਲ, ਗੁਰਨਾਮ ਸੰਤੋਖ ਖੁਸਰਾਪੁਰ, ਕੁਲਦੀਪ ਵਿਰਦੀ, ਸਾਬਕਾ ਸਰਪੰਚ ਸੁੰਦਰ ਲਾਲ, ਕ੍ਰਿਸ਼ਨ ਕੁਮਾਰ, ਰੋਸ਼ਨ ਲਾਲ, ਗੁਰਮੇਲ ਰੱਲੂ, ਰਾਮਦਾਸ, ਬਿਹਾਲੀ ਲਾਲ ਨੰਗਲ, ਬੀਬੀ ਸੁਰਿੰਦਰ ਕੌਰ ਆਦਿ ਹਾਜ਼ਰ ਸਨ।

# ਨਿਊਯਾਰਕ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਮੌਕੇ ਵਿਸ਼ਾਲ ਇੱਕਠ- ਸਮੁੱਚੀ ਕੌਮ ਨੂੰ ਰੱਲ ਮਿਲ ਕੇ ਬੈਠਣ ਦੀ ਲੋੜ -ਗਿਆਨੀ ਹਰਪ੍ਰੀਤ ਸਿੰਘ

## ਭਾਈ ਹਰਜਿੰਦਰ ਸਿੰਘ ਅਤੇ ਅਮਰੀਕ ਸਿੰਘ ਚੰਡੀਗੜ੍ਹ ਦਾ ਗੋਲਡ ਮੈਡਲ ਨਾਲ ਸਨਮਾਨ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਸਮੋਕੀ ਧਾਰਕ ਵਿਖੇ ਹਰ ਸਾਲ ਦੀ ਤਰ੍ਹਾਂ 'ਸਾਚਾ ਗੁਰੂ ਲਾਧੋ ਰੇ'ਸਮਾਗਮ ਕਰਵਾਇਆ ਗਿਆ।ਅਮਰੀਕਾ ਵਿੱਚ ਸਿੱਖਾਂ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਇਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿ–ਂਘਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵਿਸ਼ੇਸ ਤੋਰ ਤੇ ਸਮੂ–ਲੀਅਤ ਕੀਤੀ।

ਸੰਗਤਾਂ ਦੇ ਵਿਸਾਲ ਇੱਕਠ ਨੂੰ ਸੰਬੋਧਨ ਕਰਦਿਆ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਗੁਰੂ ਸਮਰਪਿਤ ਜੀਵਨ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਾਬਾ ਜੀ ਨੇ ਦੇਹਧਾਰੀ ਗੁਰੂਡੰਮ ਨੂੰ ਨਕਾਰਦਿਆਂ ਸਿੱਖ ਕੌਮ ਨੂੰ ਸੱਚੇ ਗੁਰੂ ਦੀ ਪਰਖ ਕਰਨ ਦੀ ਸਾਨੂੰ ਜਾਂਚ ਸਿਖਾਈ।ਉਹਨਾਂ ਕਿਹਾ ਕਿ ਸਿੱਖ ਕੋਮ ਨੂੰ ਅੱਜ ਬਾਬਾ ਜੀ ਦੀ ਸੋਚ ਤੇ ਪਹਿਰਾ ਦਿੰਦਿਆਂ ਗੁਰੂਡੰਮ ਨੂੰ ਭਾਂਜ ਦੇਣੀ ਚਾਹੀਦੀ ਹੈ। ਸਿੰਘਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਅੱਜ ਸਿੱਖ ਕੋਮ ਨੂੰ ਰੱਲ ਮਿਲ ਕੇ ਬੈਠਣ ਦੀ ਜਰੂਰਤ ਹੈ ਅਤੇ ਦਰਪੇਸ਼ ਮੁਸ਼ਕਲਾਂ ਦੇ ਸਾਰੇ ਹੱਲ ਤਲਾਸ਼ਣ ਦਾ ਸਮਾਂ ਹੈ।ਉਹਨਾਂ ਪ੍ਰਬੰਧਕਾਂ ਦਾ ਵਿਸਾਲ ਪੱਧਰ 'ਤੇ ਨਿਊਯਾਰਕ ਵਿੱਚ ਪ੍ਰੋਗਰਾਮ ਉਲੀਕਣ 'ਤੇ ਧੰਨਵਾਦ ਕੀਤਾ।ਗੁਰਮਤਿ ਸਮਾਗਮ ਵਿੱਚ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆ,ਭਾਈ ਰਾਏ ਸਿੰਘ ਹਜੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ,ਭਾਈ ਗੁਰਪ੍ਰੀਤ ਸਿੰਘ ਬਲੜਵਾਲ ਅਤੇ ਭਾਈ ਜਗਦੇਵ ਸਿੰਘ ਰਮਦਾਸ ਦੇ ਜੱਥਿਆਂ ਵੱਲੋ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ।ਪ੍ਰਸਿੱਧ ਕਥਾਵਾਚਕ ਭਾਈ ਅਮਰੀਕ ਸਿੰਘ



ਚੰਡੀਗੜ ਅਤੇ ਗਿਆਨੀ ਦ–ਵੰਦਰ ਸਿੰਘ ਅਨੰਦਪੁਰ ਸਾਹਿਬ ਵਾਲਿਆ ਵੱਲੋ ਕਥਾ ਵਿਚਾਰ ਰਾਹੀ ਭਾਈ ਮੱਖਣ ਸ਼ਾਹ ਲੁਬਾਣਾ ਦੇ ਪਰਅੁਪਕਾਰੀ ਜੀਵਨ ਬਾਰੇ ਸਾਝ ਪਾਈ ਗਈ।ਢਾਡੀ ਭਾਈ ਮੋਹਨ ਸਿੰਘ ਬਡਾਨਾ ਨੇ ਜਥੇ ਵੱਲੋ ਸੰਗਤਾਂ ਨੂੰ ਢਾਡੀ ਵਾਰਾਂ ਰਾਹੀ ਨਿਹਾਲ ਕੀਤਾ ਗਿਆ।ਸਟੇਜ ਸਕੱਤਰ ਦੀ ਸੇਵਾ ਹਿੰਮਤ ਸਿੰਘ ਸਰਪੰਚ ਨੇ ਬਾਖੂਬੀ ਨਿਭਾਈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਡਾਂ ਪਰਮਜੀਤ ਸਿੰਘ ਸਰੋਆ ਵੱਲੋਂ ਨਿਭਾਏ ਵਿਸ਼ੇਸ ਰੋਲ ਲਈ ਧੰਨਵਾਦ ਅਤੇ ਸਨਮਾਨ ਕੀਤਾ ਗਿਆ।ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਅਤੇ ਭਾਈ ਅਮਰੀਕ ਸਿੰਘ ਚੰਡੀਗੜ ਵਾਲਿਆਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।ਨਿਊਯਾਰਕ ਦੇ ਸਟੇਟ ਸੈਨੀਟਰ ਜੋਹਨ ਲੂਅ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਸਿੱਖ ਕੌਮ ਨੂੰ ਹਰ ਸਹਿਯੋਗ ਦਾ ਭਰੋਸਾ ਦਿੱਤਾ। ਸਮਾਗਮ ਨੂੰ ਮਾਸਟਰ ਮਹਿੰਦਰ ਸਿੰਘ ਅਤੇ ਰਘਵੀਰ ਸਿੰਘ ਸੁਭਾਨਪੁਰ ਨੇ ਸੰਬੋਧਨ ਕੀਤਾ।ਪ੍ਰਧਾਨ ਗੁਰਮੀਤ ਸਿੰਘ ਮਹਿਮਦਪੁਰ ਨੇ ਆਈਆਂ ਸੰਗਤਾ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਧੰਨਵਾਦ ਕੀਤਾ। ਸਮਾਗਮ ਮੋਕੇ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਿਆ ਅਤੇ ਵੱਖ ਵੱਖ ਪਕਵਾਨਾਂ ਦੇ ਵਿਸ਼ੇਸ ਸਟਾਲ ਲਗਾਏ ਗਏ।ਇਸ ਮੋਕੇ ਹੋਰਨਾਂ ਤੋ ਇਲਾਵਾ ਚੇਅਰਮੈਨ ਸਤਨਾਮ ਸਿੰਘ ਟਾਹਲੀ, ਕੁਲਦੀਪ ਸਿੰਘ ਖਾਲਸਾ, ਦਲੇਰ ਸਿੰਘ, ਗੁਰਮੇਜ ਸਿੰਘਹਰਿਆਣਾ, ਬਲਦੇਵ ਸਿੰਘ ਅਤੇ ਪ੍ਰੀਤਮ ਸਿੰਘ ਗਿਲਜੀਆਂ, ਬਲਵਿੰਦਰ ਸਿੰਘ ਸੁਭਾਨਪੁਰ, ਸੁਖਜਿੰਦਰ ਸਿੰਘ ਸੁਭਾਨਪੁਰ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਮੋਜੂਦ ਸਨ।

# ਆਜ਼ਾਦੀ ਸ਼ੋਸਿਤ ਵਰਗਾਂ ਤੋਂ ਅਜੇ ਦੂਰ ਹੈ : ਸਮਤਾ ਸੈਨਿਕ ਦਲ

**ਜਲੰਧਰ–** ਦੇਸ਼ ਨੂੰ ਆਜ਼ਾਦ ਹੋਇਆਂ 72 ਸਾਲ ਹੋ ਗਏ ਹਨ ਪਰ ਆਜ਼ਾਦੀ ਸ਼ੋਸਿਤ ਲੋਕਾਂ ਤੋਂ ਅਜੇ ਦੂਰ ਹੈ.ਇਹ ਗੱਲ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਯੂਨਿਟ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇਕ ਪ੍ਰੈਸ ਬਿਆਨ ਵਿਚ ਕਿਹੀ. ਉਨ੍ਹਾਂ ਦੱਸਿਆ ਕਿ ਰੰਗਾਰਾਜਨ ਕਮੇਟੀ ਦੀ ਰਿਪੋਰਟ ਅਨੁਸਾਰ 36 ਕਰੋੜ 30 ਲੱਖ ਲੋਕ ਗ਼ਰੀਬੀ ਰੇਖਾ ਤੋਂ ਨੀਚੇ ਜੀਵਨ ਗੁਜਰ ਰਹੇ ਹਨ. ਕਮੇਟੀ ਦੀ ਰਿਪੋਰਟ ਅਨੁਸਾਰ ਗਰੀਬੀ ਰੇਖਾ ਪੇਂਡੂ ਖੇਤਰਾਂ ਵਿੱਚ 32 ਰੁਪਏ ਅਤੇ ਸ਼ਹਿਰੀ ਖੇਤਰਾਂ ਵਿੱਚ 47 ਰੁਪਏ ਪ੍ਰਤੀ ਦਿਨ ਹੈ। ਪਹਿਲਾਂ ਦੀ ਤੇਂਦੁਲਕਰ ਕਮੇਟੀ ਦੀ ਰਿਪੋਰਟ ਦੀ ਗਰੀਬੀ ਰੇਖਾ ਦਾ ਅੰਕੜਾ ਪੇਂਡੂ ਭਾਰਤ ਲਈ 27 ਰੁਪਏ ਅਤੇ ਸ਼ਹਿਰੀ ਭਾਰਤ ਲਈ 33 ਰੁਪਏ ਪ੍ਰਤੀ ਦਿਨ ਸੀ. ਜਸਵਿੰਦਰ ਵਰਿਆਣਾ ਨੇ ਅੱਗੇ ਦੱਸਿਆ ਕਿ ਦਲਿਤਾਂ ਤੇ ਅਤਿਆਚਾਰ ਦੀਆਂ ਘਟਨਾਵਾਂ ਦਿਨੋਂ ਦਿਨ ਵੱਧ ਰਹੀਆਂ ਹਨ. ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ ਸੀ ਆਰ ਬੀ), ਭਾਰਤ ਸਰਕਾਰ ਦੁਆਰਾ ਪ੍ਰਕਾਸ਼ਤ 2016 ਕ੍ਰਾਈਮ ਇੰਡੀਆ ਰਿਪੋਰਟ ਅਨੁਸਾਰ ਸਾਲ 2016 ਤਕ, ਦਿੱਲੀ ਵਿੱਚ ਸਭ ਤੋਂ ਵੱਧ ਅਪਰਾਧ ਦੀ ਦਰ 974.9 (ਪ੍ਰਤੀ 100,000 ਵਿਅਕਤੀਆਂ) ਹੈ ਅਤੇ ਉੱਤਰ ਪ੍ਰਦੇਸ਼ ਵਿੱਚ ਸ਼ੇਅਰ ਦੀ ਪ੍ਰਤੀਸ਼ਤ ਦੇ ਅਧਾਰ ਤੇ ਅਪਰਾਧ ਦੀਆਂ ਸਭ ਤੋਂ ਵੱਧ ਘਟਨਾਵਾਂ ਹਨ। ਅਮਨੈਸਟੀ ਇੰਡੀਆ ਦੀ ਇੰਟਰੈਕਟਿਵ "ਹੈਲਟ ਦਿ ਹੇਟ" ਵੈਬਸਾਈਟ ਦੁਆਰਾ ਸਾਲ 2018 ਵਿੱਚ ਜਾਰੀ ਕੀਤੇ ਗਏ 218 ਦਸਤਾਵੇਜ਼ੀ ਘਟਨਾਵਾਂ ਵਿਚੋਂ 142 ਦਲਿਤਾਂ ਖ਼ਿਲਾਫ਼, 50 ਮੁਸਲਮਾਨਾਂ ਖ਼ਿਲਾਫ਼ ਅਤੇ ਅੱਠ ਹਰੇਕ ਈਸਾਈ, ਆਦਿਵਾਸੀਆਂ ਅਤੇ ਟ੍ਰਾਂਸਜੈਂਡਰ ਲੋਕਾਂ ਖ਼ਿਲਾਫ਼ ਸਨ। ਹਮਲੇ ਦੀਆਂ ਅਤੇ ਕਤਲੇਆਮ ਦੀਆਂ 87 ਘਟਨਾਵਾਂ ਹੋਈਆਂ। ਜਿਨਸੀ ਹਿੰਸਾ ਦੀਆਂ 40 ਘਟਨਾਵਾਂ ਵਿੱਚੋਂ, ਦਲਿਤ ਔਰਤਾਂ 33 ਮਾਮਲਿਆਂ ਵਿੱਚ ਪੀੜਤ ਸਨ। ਤਕਰੀਬਨ 65% ਅਪਰਾਧ ਦਲਿਤਾਂ ਵਿਰੁੱਧ ਸਨ। ਜਸਵਿੰਦਰ ਵਰਿਆਣਾ ਨੇ ਅੱਗੇ ਦੱਸਿਆ ਕਿ ਦਲਿਤ ਅਤੇ ਆਦਿਵਾਸੀ ਅਧਿਕਾਰ ਸਮੂਹਾਂ ਦੇ ਵਿਸ਼ਲੇਸ਼ਣ ਅਨੁਸਾਰ 1 ਮਾਰਚ, 2019 (ਸ਼ੁੱਕਰਵਾਰ) ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੁਆਰਾ ਪੇਸ਼ ਕੀਤੇ ਗਏ ਕੇਂਦਰੀ ਬਜਟ ਵਿੱਚ ਅਨੁਸੂਚਿਤ ਜਾਤੀ (ਐਸ.ਸੀ.) ਅਤੇ ਅਨੁਸੂਚਿਤ ਜਨਜਾਤੀ (ਐਸ.ਟੀ.) ਵਿਦਿਆਰਥੀਆਂ ਦੀ ਸੈਕੰਡਰੀ ਅਤੇ ਉੱਚ ਸਿੱਖਿਆ ਲਈ ਦਿੱਤੇ ਗਏ ਫੰਡ ਨੂੰ ਇੱਕ ਝਟਕਾ ਮਿਲਿਆ ਹੈ। ਦਲਿਤ ਵਿਦਿਆਰਥੀਆਂ ਦੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਿਤੇ ਨਹੀਂ ਜਾ ਰਹੇ ਜਿਸ ਕਾਰਨ ਇਹਨਾਂ ਦੀ ਸਿਖਿਆ ਪ੍ਰਭਾਵਿਤ ਹੋ ਰਹੀ ਹੈ. ਦਲਿਤ ਆਰਥਿਕ ਅਧਿਕਾਰ ਅੰਦੋਲਨ ਦੀ ਬੀਨਾ ਪੈਲਿਕਲ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਮੈਟ੍ਰਿਕ ਤੋਂ ਬਾਅਦ ਦੀ ਵਜ਼ੀਫੇ ਦਾ ਬਜਟ ਅਨੁਮਾਨ ਪਿਛਲੇ ਸਾਲ 3,000 ਕਰੋੜ ਰੁਪਏ ਤੋਂ ਘਟਾ ਕੇ 2,926 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਪੈਲਿਕਲ ਨੇ ਕਿਹਾ. ਇਸੇ ਤਰ੍ਹਾਂ ਐਸਟੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਸਾਲ 2018-19 ਆਰਈ ਵਿਚ 1,643 ਕਰੋੜ ਰੁਪਏ ਤੋਂ ਘਟਾ ਕੇ ਇਸ ਸਾਲ 1,613 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਨੇ ਦੱਸਿਆ ਕਿ ਪੀਐਚਡੀ ਅਤੇ ਡਾਕਟੋਰਲ ਦੇ ਕੋਰਸਾਂ ਲਈ ਫੈਲੋਸ਼ਿਪਾਂ ਅਤੇ ਵਜ਼ੀਫੇ ਸਾਲ 2014-15 ਤੋਂ ਨਿਰੰਤਰ ਗਿਰਾਵਟ ਵਿੱਚ ਆ ਗਏ ਹਨ - ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ 2019-20 ਵਿੱਚ 602 ਕਰੋੜ ਰੁਪਏ ਤੋਂ 283 ਕਰੋੜ ਰੁਪਏ ਅਤੇ ਐਸਟੀ ਵਿਦਿਆਰਥੀਆਂ ਲਈ 439 ਕਰੋੜ ਤੋਂ 135 ਕਰੋੜ ਰੁਪਏ ਹੋ ਗਈ ਹੈ। ਇਸੇ ਤਰ੍ਹਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਲਈ ਉੱਚ ਸਿੱਖਿਆ ਫੰਡਾਂ ਲਈ ਅਲਾਟਮੈਂਟ ਵਿੱਚ ਯੂਜੀਸੀ ਵਿੱਚ 23 ਫੀਸਦ ਅਤੇ ਇਗਨੂ ਵਿੱਚ 50 ਫੀਸਦ ਦੀ ਕਮੀ ਆਈ ਹੈ।



ਜਸਵਿੰਦਰ ਵਰਿਆਣਾ
ਸੂਬਾ ਪ੍ਰਧਾਨ

ਜਸਵਿੰਦਰ ਵਰਿਆਣਾ ਨੇ ਕਿਹਾ ਆਲ ਇੰਡੀਆ ਸਮਤਾ ਸੈਨਿਕ ਦਲ ਇਹ ਮੰਗ ਕਰਦਾ ਹੈ ਕਿ ਸਰਕਾਰ ਦਲਿਤਾਂ ਨੂੰ ਅਣਡਿੱਠੇ ਨਾ ਕਰੇ ਅਤੇ ਭਾਰਤ ਦੇ ਸੰਵਿਧਾਨ ਦੇ ਆਰਟੀਕਲ 46 ਨੂੰ ਇਮਾਨਦਾਰੀ ਨਾਲ ਲਾਗੂ ਕਰੇ ਜੋ ਇਸ ਪ੍ਰਕਾਰ ਹੈ, "ਭਾਰਤੀ ਸੰਵਿਧਾਨ ਦਾ ਆਰਟੀਕਲ 46 - ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਵਿਦਿਆ ਅਤੇ ਆਰਥਿਕ ਹਿੱਤਾਂ ਨੂੰ ਉਤਸ਼ਾਹਤ ਕਰਨਾ: ਵੇਰਵੇ :- ਰਾਜ ਲੋਕਾਂ ਦੇ ਕਮਜ਼ੋਰ ਵਰਗਾਂ ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਅਕ ਅਤੇ ਆਰਥਿਕ ਹਿੱਤਾਂ ਨੂੰ ਬੜੇ ਧਿਆਨ ਨਾਲ ਉਤਸ਼ਾਹਿਤ ਕਰੇਗਾ ਅਤੇ ਉਹਨਾਂ ਨੂੰ ਸਮਾਜਿਕ ਬੇਇਨਸਾਫੀ ਅਤੇ ਹਰ ਤਰਾਂ ਦੇ ਸ਼ੋਸ਼ਣ ਤੋਂ ਬਚਾਵੇਗਾ।" ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ ਅਤੇ ਵਰਿੰਦਰ ਕੁਮਾਰ ਹਾਜ਼ਰ ਸਨ।

# ਬਹੁਜਨ ਸਮਾਜ ਪਾਰਟੀ ਨੇ ਇਕ ਜਿੱਤ ਲਈ ਕੀਤਾ ਰੋਸ ਪ੍ਰਦਰਸਨ ਛੇ ਜਿੱਤਾਂ 'ਚ ਬਦਲਿਆ- ਗੜ੍ਹੀ

ਸਾਹਿਬ ਕਾਂਸ਼ੀ ਰਾਮ ਜੀ ਕਹਿੰਦੇ ਸੀ ਕਿ ਤੁਹਾਡੇ ਅੰਦੋਲਨ ਵਿਚ ਇੰਨੀ ਤਾਕਤ ਹੋਣੀ ਚਾਹੀਦੀ ਹੈ ਕਿ ਜਦੋਂ ਤੁਸੀਂ ਅੰਦੋਲਨ ਕਰੋ ਤਾਂ ਸਰਕਾਰ ਦੀ ਕੁਰਸੀ ਦੀ ਇਕ ਲੱਤ ਹਿਲਣੀ ਚਾਹੀਦੀ ਹੈ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਮਰਨ ਵਰਤ ਤੇ ਲੰਬੇ ਧਰਨਿਆਂ ਉਪਰ ਬੈਠਣ ਦੇ ਖਿਲਾਫ ਸੀ। ਸਾਹਿਬ ਕਾਂਸ਼ੀ ਰਾਮ ਜੀ ਕਹਿੰਦੇ ਸਨ ਸਾਡਾ ਸਮਾਜ ਮੁਸ਼ਕਿਲਾਂ ਵਿੱਚ ਘਿਰਿਆ ਸਮਾਜ ਹੈ, ਇਕ ਇਕ ਮੁਸ਼ਕਿਲ ਲਈ ਮਰਨ ਵਰਤ ਅਤੇ ਧਰਨਾ ਲਾਉਣ ਨਾਲ ਮਨੁੱਖੀ ਜਾਨ ਦਾ ਨੁਕਸਾਨ ਅਤੇ ਸਮੇਂ ਦਾ ਨੁਕਸਾਨ ਹੁੰਦਾ ਹੈ । ਬਾਬਾ ਸਾਹਿਬ ਅੰਬੇਡਕਰ ਜੀ ਹਮੇਸ਼ਾ ਕਹਿੰਦੇ ਸਨ ਕਿ ਸਾਡੀਆਂ ਸਾਰੀਆਂ ਮੁਸ਼ਕਿਲਾਂ ਦਾ ਹੱਲ ਰਾਜਸੱਤਾ ਹੈ। ਸਾਹਿਬ ਕਾਂਸ਼ੀ ਰਾਮ ਜੀ ਨੇ ਕਦੀ ਵੀ ਧਰਨੇ ਅਤੇ ਮਰਨ ਵਰਤ ਦਾ ਸਹਾਰਾ ਨਹੀਂ ਲਿਆ। ਘੜੀ ਘੰਟੇ ਦੇ ਰੋਸ਼ ਪ੍ਰਦਰਸਨ/ਮਾਰਚ ਵੀ ਇਕ ਦੁੱਕਾ ਵਾਰ ਤੋਂ ਜਿਆਦਾ ਆਪਣੀ ਜਿੰਦਗੀ ਚ ਕਦੀ ਨਹੀਂ ਕੀਤੇ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਸਪਸਟ ਸੰਦੇਸ਼ ਸੀ ਕਿ ਮੇਰੇ ਵਰਕਰ ਧਰਨਿਆਂ ਅਤੇ ਮਰਨ ਵਰਤ ਤੋਂ ਦੂਰ ਰਹਿਣ । ਸਾਹਿਬ ਕਾਂਸ਼ੀ ਰਾਮ ਜੀ ਦਾ ਸਪਸਟ ਕਹਿਣਾ ਸੀ ਕਿ ਅਸੀਂ ਆਪਣਾ ਸਾਰਾ ਸਮਾਂ ਟੁਕੜਿਆ ਚ ਵੰਡੇ ਸਮਾਜ ਨੂੰ ਜੋੜਨ ਚ ਲਾਉਣਾ ਹੈ ਅਤੇ ਸਮਾਜ ਨੂੰ ਅਲਪਜਨ ਤੋਂ ਬਹੁਜਨ ਬਣਾਉਣਾ ਹੈ। ਬਹੁਜਨ ਬਣਾਕੇ ਸੱਤਾ ਦੇ ਮਾਲਕ ਬਣਨਾ ਹੈ। ਸੱਤਾ ਸਾਰੀਆ ਮੁਸ਼ਕਿਲਾਂ ਦੇ ਹੱਲ ਦੀ ਗੁਰੂਕਿੱਲੀ ਹੈ। ਪਰੰਤੂ ਪੰਜਾਬੀਆ ਨੇ ਸਾਹਿਬ ਕਾਂਸ਼ੀ ਰਾਮ ਜੀ ਦੀ ਕਦੀ ਵੀ ਕੋਈ ਗੱਲ ਸਿੱਧੇ ਤੇ ਸਪਸਟ ਰੂਪ ਚ ਨਹੀ ਮੰਨੀ।

ਸੱਤਾ ਦੀ ਕੁਰਸੀ ਦੀ ਇਕ ਲੱਤ ਹਿੱਲਣ ਦੇ ਉਦਾਹਰਨ ਦੇ ਰੂਪ ਵਿਚ ਪੰਜ ਅਗਸਤ ਦੇ ਬਸਪਾ ਦੇ ਧਰਨੇ ਲਏ ਜਾ ਸਕਦੇ ਹਨ ਜੋਕਿ ਬਸਪਾ ਨੇ ਪੀਸੀਐਸ ਪ੍ਰੀਖਿਆ ਵਿੱਚ ਅਨੁਸੂਚਿਤ ਜਾਤੀਆਂ ਦੇ ਮੌਕੇ ਘਟਾਉਣ ਦੇ ਖਿਲਾਫ ਦਿੱਤੇ ਸਨ। ਪੂਰੇ ਪੰਜਾਬ ਚ ਦੋ ਘੰਟੇ ਦਾ ਸਰਕਾਰ ਅਤੇ ਮੁੱਖ ਮੰਤਰੀ ਦੀ ਅਰਥੀ ਫੂਕ ਰੋਸ਼ ਪ੍ਰਦਰਸਨ ਹੋਇਆ। ਪੰਜਾਬ ਦੀਆ 117 ਵਿਧਾਨ ਸਭਾਵਾਂ ਦੇ ਜਿੰਮੇਵਾਰ ਲੋਕ 22 ਜਿਲ੍ਹਾ ਹੈਡਕੁਆਰਟਰ ਤੇ ਇਕੱਠੇ ਹੋਏ ਅਤੇ ਗਵਰਨਰ ਦੇ ਨਾਮ ਸਰਕਾਰ ਨੂੰ ਭੰਗ ਕਰਨ ਦਾ ਮੈਮੋਰੰਡਮ ਦਿੱਤਾ। ਬਹੁਜਨ ਸਮਾਜ ਪਾਰਟੀ ਦੇ ਯੋਧੇ ਹਾਲੀ ਘਰ ਨਹੀਂ ਸੀ ਪੁੱਜੇ ਕਿ ਪਹਿਲੀ ਜਿੱਤ* ਹੋਈ , ਸਰਕਾਰ ਨੂੰ ਆਪਣਾ ਥੁੱਕਿਆ ਚੱਟਣਾ ਪਿਆ। ਪੀ ਸੀ ਐਸ ਪ੍ਰੀਖਿਆ ਵਿੱਚ ਮੌਕੇ ਘਟਾਉਣ ਦਾ ਫ਼ੈਸਲਾ ਮੋਤੀ ਮਹਿਲਾਂ ਦੀ ਕਾਂਗਰਸ ਸਰਕਾਰ ਨੂੰ ਵਾਪਸ ਲੈਣਾ ਪਿਆ। ਦੂਜੀ ਜਿੱਤ ਬਹੁਜਨ ਸਮਾਜ ਪਾਰਟੀ ਦੀ ਇਹ ਹੋਈ ਕਿ ਓਬੀਸੀ ਸ਼੍ਰੇਣੀਆ ਨੂੰ ਜੋ ਪਹਿਲਾ ਸੱਤ ਮੌਕੇ ਮਿਲਦੇ ਸੀ ਉਹ ਨੌ ਕਰ ਦਿੱਤੇ। ਤੀਜੀ ਜਿੱਤ ਬਹੁਜਨ ਸਮਾਜ ਪਾਰਟੀ ਦੀ ਇਹ ਹੋਈ ਕਿ ਜਨਰਲ ਵਰਗਾ ਨੂੰ ਜੋ ਪਹਿਲਾ ਚਾਰ ਮੌਕੇ ਮਿਲਦੇ ਸੀ ਉਹ ਹੁਣ ਛੇ ਹੋ ਗਏ। ਚੋਥੀ ਜਿੱਤ ਓਬੀਸੀ ਸ਼੍ਰੇਣੀਆ ਦੀ ਉਮਰ ਹੱਦ 33 ਸਾਲਾਂ ਤੋਂ ਵਧਾਕੇ 40 ਸਾਲ ਕੀਤੀ ਗਈ। ਪੰਜਵੀਂ ਜਿੱਤ ਜਨਰਲ ਵਰਗਾਂ ਲਈ ਉਮਰ ਹੱਦ ਤੀਹ ਸਾਲ ਤੋ ਵਧਾਕੇ 37 ਸਾਲ ਕੀਤੀ ਗਈ । ਛੇਵੀਂ ਜਿੱਤ ਅਨੁਸੂਚਿਤ ਜਾਤੀਆਂ ਲਈ ਉਮਰ ਹੱਦ 37 ਤੋਂ ਵਧਾਕੇ 42 ਸਾਲ ਕੀਤੀ ਗਈ। ਬਸਪਾ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਅਤੇ ਪੰਜਾਬ ਇੰਚਾਰਜ ਸ਼੍ਰੀ ਰਾਜਾ ਰਾਮ ਜੀ (ਸਾਂਸਦ ਰਾਜ ਸਭਾ) ਅਤੇ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਜੀ ਦੀ ਬਾਜ਼ ਅੱਖ ਵਾਲੀ ਦੇਖ ਰੇਖ ਅਤੇ ਨੌਜਵਾਨ ਪੰਜਾਬ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੀ ਜੁਝਾਰੂ ਤੇ ਯੋਜਨਾਬੱਧ ਅਗਵਾਈ ਨੇ ਕਾਂਗਰਸ ਸਰਕਾਰ ਅਤੇ ਮੋਤੀ ਮਹਿਲਾਂ ਦੀ ਰਾਜਨੀਤਿਕ ਸੱਤਾ ਨੂੰ ਖੋਰਾ ਲਾਉਣਾ ਸੁਰੂ ਕਰ ਦਿੱਤਾ ਹੈ।



ਤਾਜ਼ੇ ਹਾਲਾਤਾਂ ਵਿਚ ਪੀਸੀਐਸ ਦੇ ਟੈਸਟ ਦੇ ਸੰਬੰਧ ਵਿਚ ਕੈਪਟਨ ਸਰਕਾਰ ਦੇ ਆਏ ਫੈਂਸਲੇ ਖਿਲਾਫ ਅੱਜ ਬਸਪਾ ਦੇ ਅੰਦੋਲਨ ਦੀ ਤਾਕਤ ਤੋਂ ਘਬਰਾਈ ਹੋਈ ਕੈਪਟਨ ਸਰਕਾਰ ਨੇ ਪੀਸੀਐਸ ਦੀ ਪ੍ਰੀਖਿਆ ਦੇ ਸੰਬੰਧ ਵਿੱਚ ਕੀਤਾ ਹੋਇਆ ਫੈਸਲਾ ਵਾਪਸ ਲੈਣ ਤੋਂ ਇਹ ਸਾਬਿਤ ਹੋ ਗਿਆ ਹੈ ਕਿ ਅੱਜ ਦੇ ਅੰਦੋਲਨ ਨੇ ਕੈਪਟਨ ਸਰਕਾਰ ਦੀ ਕੁਰਸੀ ਨੂੰ ਹਿਲਾ ਦਿੱਤਾ ਹੈ ਅਤੇ ਬਸਪਾ ਨੇ ਇਕ ਅੱਧੀ ਨਹੀਂ ਛੇ ਜਿੱਤਾ ਪ੍ਰਾਪਤ ਕੀਤੀਆ ਹਨ। ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੇ ਇਸ ਸੰਘਰਸ਼ ਅਤੇ ਜਿੱਤ ਦਾ ਸਿਹਰਾ ਪੰਜਾਬ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਜੀ ਅਤੇ ਸ਼੍ਰੀ ਰਾਜਾ ਰਾਮ ਜੀ ਦੀ ਦੇਖ ਰੇਖ ਨੂੰ ਦਿੱਤਾ ਹੈ, ਜਿਹਨਾਂ ਪੰਜਾਬ ਦੀ ਜਮੀਨੀ ਹਕੀਕਤ ਅਤੇ ਜਮੀਨੀ ਮੁੱਦੇ ਇੰਨ ਬਿੰਨ ਅਤੇ ਤੁਰੰਤ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਧਿਆਨ ਵਿਚ ਲਿਆਕੇ ਪੰਜਾਬ ਦੀ ਸੂਬਾ ਕਮੇਟੀ ਨੂੰ ਐਕਸਨ ਵਿਚ ਰੱਖਿਆ ਹੋਇਆ ਹੈ।

ਸਾਥੀਓ ਬਸਪਾ ਆਪਣੀ ਅਸਲੀ ਜਿੱਤ ਵੱਲ ਵਧਦੀ ਹੋਈ ਸੱਤਾ 2022 ਵਿਚ ਬਸਪਾ ਦੇ ਹੱਥ ਵਿਚ ਹੋਵੇਗੀ। ਬਸਪਾ ਦੇ ਸਾਰੇ ਵੱਡੇ ਤੇ ਛੋਟੇ ਵਰਕਰਾਂ ਤੇ ਸਮਰਥਕਾਂ ਦੀ ਇਹ ਜਿੱਤ 2022 ਵਿਚ ਬਸਪਾ ਦੀ ਸਰਕਾਰ ਬਣਾਉਣ ਵਿਚ ਮੀਲ ਦਾ ਪੱਥਰ ਸਾਬਿਤ ਹੋਵੇਗੀ।

ਬਹੁਜਨ ਸਮਾਜ ਪਾਰਟੀ ਆਪਣੇ ਸਾਰੇ ਆਹੁਦੇਦਾਰ ਸਾਥੀਆ ਅਤੇ ਸਤਿਕਾਰਯੋਗ ਵਰਕਰ ਸਾਥੀਆ ਦਾ ਧੰਨਵਾਦ ਕਰਦੀ ਹੈ, ਜਿਹਨਾਂ ਦੇ ਸਾਥ ਤੇ ਸਹਿਜੋਗ ਨਾਲ ਬਸਪਾ ਪੂਰੇ ਸੂਬੇ ਵਿਚ ਹੋਰ ਜਿਆਦਾ ਮਜਬੂਤ ਹੋਣ ਵੱਲ ਵਧਣ ਲਗ ਪਈ ਹੈ ਅਤੇ ਸਾਰੇ ਜਿੰਮੇਵਾਰ ਸਾਥੀਆਂ ਨੂੰ ਅਪੀਲ ਕਰਦੀ ਹੈ ਕਿ ਮਜਬੂਤ ਸੰਗਠਨ ਦੀ ਸਿਰਜਣਾ ਕਰਨ ਲਈ ਆਪ ਸਭ ਦੀਆ ਡਿਊਟੀਆ ਲਗਾਈਆ ਜਾ ਚੁੱਕੀਆ ਹਨ । ਕਿਰਪਾ ਕਰਕੇ ਸਾਰੇ ਸਾਥੀ ਬਿਨਾ ਸਮਾਂ ਖਰਾਬ ਕੀਤੇ ਸਾਰਾ ਧਿਆਨ ਸੰਗਠਨ ਬਣਾਉਣ ਵਿਚ ਲਗਾਉਣ।

# ਕਬੱਡੀ ਮੈਚਾਂ ਦੀ ਸਫਲਤਾ ਤੋਂ ਬਾਅਦ ਸੱਬਾ ਥਿਆੜਾ ਨੇ ਕਰਵਾਇਆ ਗੁਰਦੁਆਰਾ ਟੈਇਰਾ ਬੁਇਨਾ ਵਿਖੇ ਪਾਠ

**ਯੂਬਾ ਸਿਟੀ–** ਬੀਤੇ ਐਤਵਾਰ ਕਰਵਾਏ ਗਏ ਮੈਚਾਂ ਦੀ ਸਫਲਤਾ ਪੂਰਵਕ ਕਾਮਯਾਬੀ ਲਈ ਥਿਆੜਾ ਪਰਿਵਾਰ ਵੱਲੋਂ (ਸੱਬਾ ਥਿਆੜਾ) ਨੇ ਗੁਰੂ ਘਰ ਟਾਇਰਾ ਬਿਉਨਾ ਵਿਖੇ ਸਧਾਰਨ ਪਾਠ ਦੇ ਭੋਗ ਪੁਆ ਕੇ ਜਿੱਥੇ ਗੁਰੂ ਦਾ ਸ਼ੁਕਰਾਨਾ ਕਤਾ ਗਿਆ ਅਤੇ ਉਥੇ ਹਰ ਫੀਲਡ ਵਿਚ ਅੱਗੇ ਹੋ ਕੇ ਸੇਵਾ ਕਰਨ ਲਈ ਮੋਹਤਬਰ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ। ਰਾਇਲ ਕਿੰਗ ਯੂ. ਐਸ. ਏ. ਕਬੱਡੀ ਕਲੱਬ ਵੱਲੋਂ ਮੀਡੀਆ ਲਈ ਸ. ਇੰਦਰਜੀਤ ਸਿੰਘ ਰੰਧਾਵਾ 'ਖੁਸ਼ਬੂ ਪੰਜਾਬ ਦੀ' ਅਤੇ ਸ. ਗੁਰਚਰਨ ਸਿੰਘ ਰੰਧਾਵਾ, ਸ. ਸਰਵਣ ਸਿੰਘ ਡਡਵਾਲ, ਸ. ਪਾਲਾ ਸਿੰਘ ਗਿੱਲ, ਸ. ਸੁਰਜੀਤ ਸਿੰਘ, ਬੋਗ ਰੋਡ ਗੁਰੂ ਘਰ ਦੇ ਪ੍ਰਧਾਨ ਸ. ਮੋਹਣ ਸਿੰਘ ਬੈਂਸ ਅਤੇ ਲਾਈਵ ਓਕ ਗੁਰੂ ਘਰ ਦੇ ਪ੍ਰਧਾਨ ਸ. ਜਸਵੀਰ ਸਿੰਘ ਕੁਲਾਰ ਨੂੰ ਵੀ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸਟੇਜ ਦੀ ਜ਼ਿੰਮੇਵਾਰੀ ਸ. ਜਸਵੰਤ ਸਿੰਘ ਬੈਂਸ ਨੇ ਵਧੀਆ ਤਰੀਕੇ ਨਾਲ ਨਿਭਾਈ। ਸਟੇਜ 'ਤੇ ਬੋਲਦਿਆਂ ਸ. ਦਿਲਬਾਗ ਸਿੰਘ ਬੈਂਸ, ਮਹਿੰਦਰ ਸਿੰਘ ਨਿੱਜਰ ਨੇ ਜਿੱਥੇ ਗੁਰੂ ਘਰ ਦੀ ਕਮੇਟੀ ਦਾ ਧੰਨਵਾਦ ਕੀਤਾ, ਉਥੇ ਰਾਇਲ ਕਿੰਗ ਯੂ. ਐਸ. ਏ. ਦੇ ਪ੍ਰਧਾਨ ਸ. ਸਰਬਜੀਤ ਸਿੰਘ (ਸੱਬਾ ਥਿਆੜਾ) ਅਤੇ ਚੇਅਰਮੈਨ ਕੁਲਵੰਤ ਸਿੰਘ ਲੱਛਰ ਅਤੇ ਇਹਨਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ।

**(ਰਿਪੋਰਟ ਅਤੇ ਤਸਵੀਰਾਂ– ਆਈ ਐਸ ਰੰਧਾਵਾ)**



















# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਹਰਿ ਕ੍ਰਿਸ਼ਨ ਜੀ ਦਾ ਪ੍ਰਕਾਸ਼ ਉਤਸਵ 25 ਅਗਸਤ ਨੂੰ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ ਧੰਨ ਸਤਿਗੁਰੂ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਅਗਸਤ 23, 24, 25, 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।

**23 ਅਗਸਤ 2019**
**ਦਿਨ ਸ਼ੁੱਕਰਵਾਰ**
**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**25 ਅਗਸਤ 2019 ਦਿਨ ਐਤਵਾਰ**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਪਹਿਲਾ ਪ੍ਰਕਾਸ਼ ਉਤਸਵ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 30, 31 ਅਗਸਤ, 1 ਸਤੰਬਰ 2019 ਨੂੰ ਕਰਵਾਏ ਜਾ ਰਹੇ ਹਨ।

**30 ਅਗਸਤ 2019 ਦਿਨ ਸ਼ੁੱਕਰਵਾਰ**
**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ।**
**1 ਸਤੰਬਰ 2019 ਦਿਨ ਐਤਵਾਰ,**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ-ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

# ਕੇਂਦਰ ਸਰਕਾਰ ਦੀ ਬਦਨੀਅਤ ਕਾਰਗੁਜ਼ਾਰੀ ਦੀ ਨਿੰਦਾ



**ਯੂਬਾ ਸਿਟੀ (ਬਿਊਰੋ)–** ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਇਕ ਵਿਸ਼ੇਸ਼ ਮੀਟਿੰਗ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਬਲਵੀਰ ਥਾਪਰ, ਬਲਵੀਰ ਧਾਰੀਵਾਲ ਸੈਕਰਾਮੈਂਟੋ ਤੋਂ ਵਿਸ਼ਾਲ ਸ਼ਰਬਤੀ, ਕੁੰਦਨ ਲਾਲ ਸੌਂਧੀ, ਸੰਤੋਖ ਸਿੰਘ ਗਿੱਲ, ਰਾਮ ਪਾਲ ਮੱਟੂ, ਵਿਨੋਦ ਗਿੱਲ, ਨਰਿੰਦਰ ਗਿੱਲ, ਜੋਗਿੰਦਰ ਸਿੰਘ ਸ਼ੌਂਕੀ ਤੋਂ ਇਲਾਵਾ ਕੁਝ ਬੀਬੀਆਂ ਵੱਲੋਂ ਵੀ ਵਿਸ਼ੇਸ਼ ਤੌਰ ’ਤੇ ਹਿੱਸਾ ਲਿਆ। ਜਿਸ ਵਿਚ ਸੰਤੋਖ ਸਿੰਘ ਗਿੱਲ ਵੱਲੋਂ ਕੇਂਦਰ ਸਰਕਾਰ ਤੇ ਸੁਪਰੀਮ ਕੋਰਟ ਵੱਲੋਂ ਲਏ ਗਏ ਬੇਹੂਦਾ ਫੈਸਲੇ ਕਿ 550 ਸਾਲ ਪੁਰਾਣਾ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨੂੰ ਢਹਿ ਢੇਰੀ ਕਰਨ ਤੇ ਜ਼ਮੀਨ ਹੜੱਪਣ ਦੇ ਗੰਦੇ ਮਨਸੂਬੇ ਦੀ ਨਿਖੇਧੀ ਦਾ ਮਤਾ ਰੱਖਿਆ ਗਿਆ।

ਜਿਸਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਤੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ), ਕੇਂਦਰ ਸਰਕਾਰ ਤੇ ਸੁਪਰੀਮ ਕੋਰਟ ਦੇ ਇਸ ਫੈਸਲੇ ਦੀ ਘੋਰ ਸ਼ਬਦਾਂ ਵਿਚ ਨਿੰਦਾ ਕਰਦੀ ਹੈ ਤੇ ਭਾਰਤ ਸਰਕਾਰ ਇਸ ਫੈਸਲੇ ਨੂੰ ਤੁਰੰਤ ਵਾਪਸ ਲਵੇ ਅਤੇ ਮੰਦਰ ਦੀ ਮੁੜ ਉਸਾਰੀ ਕਰਕੇ ਪ੍ਰਬੰਧ ਗੁਰੂ ਰਵਿਦਾਸ ਮੰਦਰ ਕਮੇਟੀ ਨੂੰ ਦਿੱਤਾ ਜਾਵੇ।

ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਤਨੋਂ, ਮਨੋਂ, ਧਨੋਂ ਹਰ ਤਰ੍ਹਾਂ ਨਾਲ ਇਸ ਸੰਘਰਸ਼ ਵਿਚ ਰਵਿਦਾਸ ਭਾਈਚਾਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲੇਗੀ। ਇਸਦੇ ਨਾਲ ਹੀ ਮੀਟਿੰਗ ਵਿਚ 13 ਅਕਤੂਬਰ 2019 ਨੂੰ ਮਨਾਏ ਜਾ ਰਹੇ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਵਿਸ ਦੀ ਤਿਆਰੀ ਲਈ ਬਹੁਤ ਹੀ ਵਿਸਥਾਰ ਸਹਿਤ ਵਿਚਾਰ ਵਟਾਂਦਰਾ ਕੀਤਾ ਤਾਂ ਕਿ ਪ੍ਰਗਟ ਦਿਵਸ ਬਹੁਤ ਹੀ ਵਧੀਆ ਤਰੀਕੇ ਅਤੇ ਸ਼ਰਧਾ ਭਾਵਨਾ ਤੇ ਖੁਸ਼ੀਆਂ ਨਾਲ ਮਨਾਇਆ ਜਾ ਸਕੇ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables


New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਹਰ ਕਿਸਮ ਦੀ ਦਾਲ ਸੇਲ ’ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।



Baksho Kaur Bisla Hardev Singh Bisla
ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
530-671-0439, Fax 530-822-0439 Cell- 530-844-3250

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES

## WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

## 3525 Highway 99, West Corning, CA 96021

Across the Street from TA Truck Stop



# TANDOOR Indian Restaurant

## 27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

## We are open seven days 11 AM to 10 PM


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
Amolak Singh Gakhal
Chief Patron, United Sports Club
ਤੀਰਥ ਗਾਖਲ
ਰੰਗ ਕਬੱਡੀ ਦੇ
Sponsor of 1st Prize
Jagjit Singh Rakkar
Ocean Transport
Kuljit Singh Nijjar
White Hawk
Sponsor of 2nd Prize
Jugraj Singh Sahota & Narinder Singh Sahota of Sahota Family
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Diamond Sponsor
In the loving Memory of
Late S. Mehnga Singh Sarai
ਮੁੱਖ ਮਹਿਮਾਨ
OPENING
ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਮੇਜਰ ਸਿੰਘ ਬੈਂਸ
ਤੀਰਥ ਸਿੰਘ ਗਾਖਲ
Sponsor of U-25
1st Prize Sponsored by TAKHAR FAMILY in loving memory of Late. Santokh Singh
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਵਿਸ਼ੇਸ਼ ਮਹਿਮਾਨ
ਗੋਲਡ ਮੈਡਲ ਨਾਲ ਸਨਮਾਨ
Makhan Singh Bains Chairman
Iqbal Singh Gakhal Vice Chairman
Jugraj Singh Sahota President
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gurnam Singh Wraich
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Super Star Players
CHICAGO'S PIZZA
Raja Sweets & Catering
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Young Sports Kabaddi Club CA. 3. Metro Sports Club New York 4. Canada Club
ਯੂਨਾਈਟਡ ਸਪੋਰਟਸ ਕਲੱਬ,ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
Spectator Have to reach at James Logan High School, International Law of Kabddi will apply, United Sports Club has reserve the right for last decisions.
All Kabaddi Lovers are openly Invited


KB USED
AUTO SALES
8655 B Monterey Street Gilroy, CA 95020
Kashmiri Bhatia,
Dealer/Broker
408-848-2365
50% OFF WARRANTY
with Qualifying Car Purchase
IN HOUSE
FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ
Kashmiri Bhatia & his wife
K&K AUTO REPAIR
and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR
on your next qualifying service
Car Care You Can Trust

# ਕੀ ਸਿੱਖ ਹਿੰਦੂ ਹਨ?



ਗੋਬਿੰਦਰ ਸਿੰਘ

ਅੱਜ ਅਜਿਹੇ ਕਈ ਸਵਾਲ ਉੱਠਾਏ ਜਾ ਰਹੇ ਹਨ ਕਿ ਕੀ ਸਿੱਖ ਹਿੰਦੂ ਹਨ। ਉੱਠਦੇ ਤਾਂ ਇਹ ਪਿਛਲੇ ਕਾਫੀ ਲੰਮੇ ਅਰਸੇ ਤੋਂ ਆ ਰਹੇ ਹਨ ਪਰ ਕਿਸੇ ਕਾਰਣ ਇਹ ਹੁਣ ਕੁਝ ਵਧੇਰੇ ਤੇਜੀ ਤੇ ਸੰਜਿਦਗੀ ਨਾਲ ਉਠਾਏ ਜਾ ਰਹੇ ਹਨ। ਕਾਰਣ ਧਾਰਮਿਕ, ਸੰਪਰਦਾਇਕ ਤੇ ਰਾਜਨੀਤਕ ਕੁਝ ਵੀ ਹੋ ਸਕਦੇ ਹਨ ਪਰ ਸਿਧਾਂਤਿਕ ਤੇ ਬੌਧਿਕ ਬਿਲਕੁਲ ਨਹੀਂ। ਅਜਿਹਾ ਇਸ ਲਈ ਕਿ ਨਾ ਸਵਾਲ ਕਰਨ ਵਾਲਿਆਂ ਨੂੰ ਤੇ ਨਾ ਹੀ ਉੱਤਰ ਦੇਣ ਵਾਲਿਆਂ ਨੂੰ ਇਹਨਾਂ ਦੀਆਂ ਬੌਧਿਕ ਤੇ ਸਿਧਾਂਤਿਕ ਡੂੰਘਾਈਆਂ ਵਿਚ ਜਾਣ ਦੀ ਕੋਸ਼ਿਸ ਕਰਦੇ ਹਨ। ਜੇ ਉਹ ਕੋਸ਼ਿਸ਼ ਕਰਨ ਵੀ ਤਾਂ ਵੀ ਉਹ ਡੂੰਘਾਈ ਵਿਚ ਨਹੀਂ ਜਾਣਗੇ ਕਿਉਂਕਿ ਉਹਨਾਂ ਦਾ ਮਨੋਰਥ ਤਾਂ ਡੂੰਘਾ ਜਾਏ ਬਿਨਾਂ ਹੀ ਪੂਰਾ ਹੋ ਜਾਂਦਾ ਹੈ। ਜੇ ਇਦਾਂ ਨਾ ਵੀ ਹੋਵੇ, ਤਾਂ ਵੀ ਉਹ ਡੂੰਘਾਈ ਵਿਚ ਨਹੀਂ ਜਾਣਗੇ ਕਿਉਂਕਿ ਉੱਥੇ ਜਾਇਆਂ ਤਾਂ ਇਹ ਪ੍ਰਸ਼ਨ ਉੱਠਣਗੇ ਹੀ ਨਹੀਂ।

**ਫਿਰ ਇਹਨਾਂ ਸਵਾਲਾਂ ਦਾ ਉੱਤਰ ਕੀ ਹੈ?**

ਗੁਰੂ ਨਾਨਕ ਅਨੁਸਾਰ ਇਹਨਾਂ ਸਵਾਲਾਂ ਦਾ ਸੱਹੀ ਉੱਤਰ ਇਹ ਹੈ ਕਿ ਸਿੱਖ ਸਿੱਖ ਹਨ ਉਹ ਨਾ ਹਿੰਦੂ ਹਨ ਤੇ ਨਾ ਹੀ ਮੁਸਲਮਾਨ। ਭਾਵ ਸਿੱਖ ਸਿੱਖ ਹਨ ਹਿੰਦੂ ਨਹੀਂ ਤੇ ਹਿੰਦੂ ਹਿੰਦੂ ਹਨ ਸਿੱਖ ਨਹੀਂ। ਪਰ ਲਗਦਾ ਹੈ ਕਿ ਇਸ ਉੱਤਰ ਨੂੰ ਵੀ ਕਦੇ ਕਿਸੇ ਨੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਸਮਾਂ ਪੈਣ ਤੇ ਗੁਰੂ ਨਾਨਕ ਤੇ ਸਿੱਖ ਵਿਦਵਾਨਾਂ ਦੇ ਸੋਚ ਪੱਧਰ ਵਿਚ ਭਾਰੀ ਅੰਤਰ ਆ ਚੁੱਕਿਆ ਸੀ। ਵਿਚ ਇਸ ਲਈ ਸਿੱਖ ਵਿਦਵਾਨ ਇਸ ਪ੍ਰਸ਼ਨ ਦਾ ਸਹੀ ਉੱਤਰ ਨਾ ਦੇ ਸਕੇ। ਉਹ ਆਪਣੇ ਵਲੋਂ ਇਹ ਸਿੱਧ ਕਰਨ ਦੀ ਤਾਂ ਬਹੁਤ ਕੋਸ਼ਿਸ਼ ਕਰਦੇ ਰਹੇ ਤੇ ਕਰ ਵੀ ਰਹੇ ਹਨ ਕਿ ਉਹ ਹਿੰਦੂ ਨਹੀਂ ਹਨ ਪਰ ਉਹ ਦਲੀਲਾਂ ਉਸ ਪੱਧਰ ਦੀਆਂ ਦੇਂਦੇ ਰਹੇ ਜਿਸ ਪੱਧਰ ਤੇ ਪ੍ਰਸ਼ਨ ਕਰਨ ਵਾਲੇ ਖੜ੍ਹੇ ਹੁੰਦੇ ਹਨ। ਇਸ ਲਈ ਉਹ ਦੂਜਿਆਂ ਦੇ ਜਾਲ ਵਿਚ ਉਲਝ ਜਾਂਦੇ ਹਨ।

**ਉਹ ਕੀ ਧਰਾਤਲ ਹੈ ਜਿਸ ਤੇ ਜਾ ਕੇ ਦਲੀਲ ਬਾਜ਼ੀ ਹੁੰਦੀ ਹੈ?**

ਬਹਿਸ ਮੁੱਖ ਤੌਰ ਤੇ ਧਾਰਮਿਕ ਰਸਮਾਂ ਤੇ ਰਿਵਾਜ਼ਾਂ ਦੇ ਪੱਧਰ ਤੇ ਹੁੰਦੀ ਹੈ। ਹਿੰਦੂ ਵਿਦਵਾਨ ਮੋਟੇ ਤੌਰ ਤੇ ਨਸਲ, ਧਾਰਮ ਤੇ ਨਿਵਾਸ ਦੇ ਮੁੱਦਿਆਂ ਨੂੰ ਲੈ ਕੇ ਕਹਿੰਦੇ ਹਨ ਕਿ ਹਿੰਦੂਆਂ ਤੇ ਸਿੱਖਾਂ ਵਿਚਕਾਰ ਕੋਈ ਬਹੁਤਾ ਅੰਤਰ ਨਹੀਂ ਹੈ। ਉਹਨਾਂ ਅਨੁਸਾਰ ਫਰਕ ਕੇਵਲ ਬਾਹਰੀ ਦਿੱਖ ਤੇ ਧਾਰਮਿਕ ਸਭਿਆਚਾਰ ਦਾ ਹੈ ਜੋ ਬਹੁਤ ਨਿਗੂਣਾ ਹੈ। ਇਸ ਤੋਂ ਉਲਟ ਦੋਹਾਂ ਵਿਚ ਸਮਾਨਤਾਵਾਂ ਬਹੁਤ ਭਾਰੀਆਂ ਹਨ। ਹਿੰਦੂਆਂ ਵਾਂਗ ਸਿੱਖ ਵੀ ਭਾਰਤ ਦੇ ਮੂਲ ਬਾਸ਼ਿੰਦੇ ਹਨ। ਉਹ ਵੀ ਉਹਨਾਂ ਵਾਂਗ ਕਿਤੋਂ ਬਾਹਰੋਂ ਨਹੀਂ ਆਏ। ਹਿੰਦੂ ਤੇ ਸਿੱਖ ਦੋਵੇਂ ਹੀ ਆਰੀਆ ਨਸਲ ਨਾਲ ਸੰਬੰਧ ਰੱਖਦੇ ਹਨ। ਸਿੱਖ ਮੱਤ ਹਿੰਦੂ ਮੱਤ ਵਿਚੋਂ ਹੀ ਪੈਦਾ ਹੋਇਆ ਹੈ। ਸਿੱਖ ਧਰਮ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸਿੱਖ ਵੀ ਹਿੰਦੂ ਸਨ। ਉਹਨਾਂ ਦੇ ਸਾਰੇ ਗੁਰੂ ਖਤਰੀ ਹਿੰਦੂ ਜਾਤੀ ਨਾਲ ਸੰਬੰਧ ਰਖਦੇ ਸਨ। ਸਿੱਖਾਂ ਦੇ ਨਾਮ, ਜਾਤਾਂ ਤੇ ਰਸਮਾਂ ਇਕੋ ਜਿਹੀਆਂ ਹਨ। ਦੋਹਾਂ ਵਿਚਕਾਰ ਸਮਾਜਿਕ ਨੇੜਤਾ ਤੇ ਰੋਟੀ ਬੇਟੀ ਦੀ ਸਾਂਝ ਹੈ। ਸਿੱਖਾਂ ਦੇ ਧਰਮ ਗ੍ਰੰਥਾਂ ਵਿਚ ਹਿੰਦੂ ਦੇਵੀ ਦੇਵਤਿਆਂ ਦਾ ਜਿਕਰ ਆਉਂਦਾ ਹੈ। ਸਿੱਖ ਧਰਮ ਦਾ ਸੰਸਥਾਪਕ ਗੁਰੂ ਨਾਨਕ ਮੱਧ-ਕਾਲ ਦੇ ਭਗਤੀ ਅੰਦੋਲਨ ਦਾ ਪੈਰੋਕਾਰ ਸੀ ਜੋ ਇਕ ਹਿੰਦੂ ਲਹਿਰ ਸੀ। ਉਸ ਨੇ ਕਈ ਦੂਜੇ ਧਾਰਮਿਕ ਸੁਧਾਰਕਾਂ ਵਾਂਗ ਹੀ ਆਪਣੇ ਸਮੇਂ ਦੇ ਹਿੰਦੂ ਧਰਮ ਵਿਚ ਆਈਆਂ ਕਈ ਤ੍ਰੁਟੀਆਂ ਸੋਧ ਕੇ ਸਿੱਖ ਧਰਮ ਚਲਾਇਆ ਜੋ ਭਾਵ ਰੂਪ ਵਿਚ ਹਿੰਦੂ ਧਰਮ ਵਰਗਾ ਹੀ ਹੈ। ਦੋਹਾਂ ਦੇ ਮੂਲ ਸੰਕਲਪ ਵੀ ਓਹੀ ਹਨ। ਦੋਵੇਂ ਈਸ਼ਵਰ, ਭਗਤੀ, ਆਤਮਾ, ਆਵਾਗਮਣ, ਪੁਨਰ-ਜਨਮ, ਮੁਕਤੀ, ਨਰਕ, ਸੁਰਗ, ਪਾਪ ਪੁੰਨ, ਤੀਰਥ ਇਸ਼ਨਾਨ ਤੇ ਪੂਜਾ ਪਾਠ ਵਿਚ ਵਿਸ਼ਵਾਸ਼ ਰੱਖਦੇ ਹਨ। ਦੋਹਾ ਦੇ ਇਕੋ ਤਰ੍ਹਾਂ ਦੇ ਧਾਰਮਿਕ ਗ੍ਰੰਥ ਤੇ ਧਾਰਮਿਕ ਅਸਥਾਨ ਹਨ ਜੋ ਉਹਨਾਂ ਦੇ ਪੂਜਾ ਪਾਠ ਤੇ ਧਾਰਮਿਕ ਆਸਥਾ ਦਾ ਕੇਂਦਰ ਹਨ। ਹਿੰਦੂ ਤੇ ਸਿੱਖ ਦੋਵੇਂ ਇਕ ਦੂਜੇ ਦੇ ਧਾਰਮਿਕ ਅਸਥਾਨਾਂ ਤੇ ਸ਼ਰਧਾਪੂਰਵਕ ਜਾਂਦੇ ਹਨ ਤੇ ਇਕ ਦੂਜੇ ਦੀਆਂ ਧਾਰਮਿਕ ਹਸਤੀਆਂ ਦਾ ਸਨਮਾਨ ਕਰਦੇ ਹਨ। ਭਾਰਤਵਰਸ਼ ਵਿਚ ਹਿੰਦੂ ਧਰਮ ਦੇ ਕਈ ਹੋਰ ਵੀ ਅਜਿਹੇ ਫਿਰਕੇ ਵੀ ਹਨ ਜੋ ਬਿਨਾਂ ਕਿਸੇ ਵੱਡੇ ਫਰਕ ਦੇ ਨਾਲ ਨਾਲ ਰਹਿ ਰਹੇ ਹਨ। ਉਹ ਚਲਦੇ ਆਪਣੇ ਮੱਤ ਅਨੁਸਾਰ ਹਨ ਪਰ ਕਹਾਉਂਦੇ ਹਿੰਦੂ ਹਨ। ਸਿੱਖ ਵੀ ਇਵੇਂ ਹੀ ਹਨ ਤੇ ਸਿੱਖਾਂ ਤੇ ਹਿੰਦੂਆਂ ਵਿਚਕਾਰ ਵੀ ਕੋਈ ਵੱਡਾ ਅੰਤਰ ਨਹੀਂ ਜੋ ਦੋਹਾਂ ਨੂੰ ਅੱਡ ਕਰਦਾ ਹੋਵੇ। ਇਸ ਲਈ ਉਹਨਾਂ ਦੀਆਂ ਦਲੀਲਾਂ ਅਨੁਸਾਰ ਸਿੱਖ ਮੋਟੇ ਤੌਰ ਤੇ ਹਿੰਦੂ ਹੀ ਹਨ।

**ਸਿੱਖਾਂ ਦੀ ਇਸ ਮਸਲੇ ਤੇ ਕੀ ਦਲੀਲ ਹੈ?**

ਸਿੱਖ ਵਿਦਵਾਨ ਆਪਣੇ ਧਰਮ ਨੂੰ ਹਿੰਦੂ ਧਰਮ ਨਾਲੋਂ ਬਿਲਕੁਲ ਵੱਖਰਾ ਧਰਮ ਮੰਨਦੇ ਹਨ। ਉਹਨਾਂ ਅਨੁਸਾਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਹਿੰਦੂ ਧਰਮ ਦੀਆਂ ਕੁਰੀਤੀਆਂ ਦਾ ਖੰਡਨ ਕੀਤਾ ਸੀ। ਉਹਨਾਂ ਨੇ ਹਿੰਦੂ ਕਰਮ-ਕਾਂਢਾਂ ਦਾ ਪਾਖੰਡ ਉਜਾਗਰ ਕਰਦਿਆਂ ਉਹਨਾਂ ਦੀ ਪੁਰਜੋਰ ਨਿਖੇਧੀ ਕੀਤੀ ਸੀ ਤੇ ਉਹਨਾਂ ਨੂੰ ਆਪਣੇ ਜੀਵਨ ਵਿਚੋਂ ਤਿਆਗ ਦਿੱਤਾ ਸੀ। ਉਹਨਾ ਨੇ ਆਪਣੇ ਸਿੱਖਾਂ ਨੂੰ ਇਕ ਬਿਲਕੁਲ ਨਵਾਂ ਧਰਮ ਦਿੱਤਾ ਜੋ ਬਹੁਤੇ ਦੇਵੀ ਦੇਵਤਿਆਂ ਨੂੰ ਮੰਨਣ ਦੀ ਥਾਂ ਇਕ ਸਰਬ-ਸ਼ਕਤੀਮਾਨ ਰੱਬ ਦੀ ਹੋਂਦ ਵਿਚ ਵਿਸ਼ਵਾਸ਼ ਰੱਖਦਾ ਹੈ। ਉਹਨਾਂ ਨੇ ਹਿੰਦੂ ਧਰਮ ਦੀਆਂ ਰਹੁ-ਰੀਤਾਂ ਦਾ ਖੰਡਨ ਕਰਦੀ ਬਾਣੀ ਰਚੀ ਜੋ ਸਿੱਖਾਂ ਦੇ ਧਰਮ-ਗ੍ਰੰਥ ਵਿਚ ਸ਼ਾਮਲ ਹੈ। ਉਹਨਾਂ ਨੇ ਪ੍ਰਭੂ ਭਗਤੀ ਉੱਤੇ ਆਧਾਰਿਤ ਸਿੱਧਾ ਸਾਦਾ ਇਮਾਨਦਾਰੀ ਤੇ ਦਿਆਨਤਦਾਰੀ ਭਰਿਆ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਉਹਨਾਂ ਦੀ ਲੀਹ ਤੇ ਚਲਦਿਆਂ ਦੂਜੇ ਨੌਂ ਗੁਰੂਆਂ ਨੇ ਇਸ ਨਵੇਂ ਧਰਮ ਦੇ ਕਈ ਹੋਰ ਨਕਸ਼ ਸਥਾਪਿਤ ਕੀਤੇ। ਉਹਨਾਂ ਨੇ ਇਸ ਨੂੰ ਅੱਡ ਲਿਪੀ, ਅੱਡ ਬਾਣੀ, ਅੱਡ ਧਾਰਨਾਵਾਂ, ਪ੍ਰੰਪਰਾਵਾਂ, ਅੱਡ ਧਰਮ ਅਸਥਾਨ, ਅੱਡ ਧਾਰਮਿਕ ਗ੍ਰੰਥ, ਅੱਡ ਤੀਰਥ ਅਸਥਾਨ, ਅੱਡ ਸੰਸਥਾਵਾਂ, ਅੱਡ ਰਹੁ-ਰੀਤਾਂ, ਅੱਡ ਜੀਵਨ-ਸ਼ੈਲੀ, ਅੱਡ ਦਿੱਖ, ਅੱਡ ਮੁਹਾਂਦਰਾ ਤੇ ਅੱਡ ਜਥੇਬੰਦਿਕ ਨਿਸ਼ਾਨ ਦਿੱਤੇ। ਸਿੱਖ ਹਿੰਦੂਆਂ ਦੀ ਜਾਤ ਪ੍ਰਣਾਲੀ ਵਿਚ ਵਿਸ਼ਵਾਸ਼ ਨਹੀਂ ਕਰਦੇ ਤੇ ਉਹ ਆਪਣੇ ਨਾਵਾਂ ਪਿੱਛੇ ਸਿੰਘ ਲਗਾਉਂਦੇ ਹਨ। ਉਹ ਵੈਦਿਕ ਮੰਤਰਾਂ ਦੀ ਥਾਂ ਅਨੰਦ ਬਾਣੀ ਪੜ੍ਹ ਕੇ ਵਿਵਾਹ ਕਰਦੇ ਹਨ ਤੇ ਗੰਗਾ ਅਸ਼ਨਾਨ ਦੀ ਥਾਂ ਅਮ੍ਰਿਤਸਰ ਸ੍ਰੋਵਰ ਦੇ ਇਸ਼ਨਾਨ ਨੂੰ ਪਵਿਤਰ ਮੰਨਦੇ ਹਨ। ਅਕਾਲ ਚਲਾਣੇ ਉਪਰੰਤ ਸਿੱਖ ਅਸਥੀਆਂ ਦਾ ਪ੍ਰਵਾਹ ਹਰਿਦੁਆਰ ਦੀ ਥਾਂ ਕੀਰਤਪੁਰ ਸਾਹਿਬ ਵਿਚ ਕਰਦੇ ਹਨ ਤੇ ਤੇਰਾਂ ਦਿਨਾਂ ਦੀ ਥਾਂ ਹਫਤੇ ਬਾਦ ਅਰਦਾਸ ਕਰਕੇ ਭੋਗ ਪਾਉਂਦੇ ਹਨ। ਉਹ ਹਿੰਦੂ ਸ਼ਰਾਧਾਂ ਪ੍ਰਥਾ ਦਾ ਖੰਡਨ ਕਰਦੇ ਹਨ। ਇਸ ਲਈ ਉਹ ਹਰ ਦ੍ਰਿਸ਼ਟੀ ਤੋਂ ਹਿੰਦੂਆਂ ਨਾਲੋਂ ਵੱਖ ਹਨ।

**ਹਿੰਦੂਆਂ ਤੇ ਸਿੱਖਾਂ ਵਿਚਕਾਰ ਇਹ ਮੁੱਦਾ ਉੱਠਣ ਦਾ ਕਾਰਨ ਕੀ ਹੈ?**

ਹਿੰਦੂ ਅਤੇ ਅਜੋਕੇ ਸਿੱਖ ਦੋਵੇਂ ਪੁਰਾਤਨ ਰੂੜੀਵਾਦੀ ਸੋਚ ਦੇ ਮਾਲਕ ਹਨ। ਇਸ ਸੋਚ ਵਿਚ ਧਰਮ ਨੂੰ ਫੈਲਾਉਣ ਤੇ ਵੱਧ ਤੋਂ ਵੱਧ ਜੋਰ ਦਿੱਤਾ ਜਾਂਦਾ ਹੈ। ਸਦੀਆਂ ਦੀ ਖਹਿਬਾਜ਼ੀ ਕਾਰਨ ਇਹਨਾਂ ਵਿਚ ਸੰਪਰਦਾਇਕਤਾ ਦੀਆਂ ਭਾਵਨਾਵਾਂ ਪੈਦਾ ਹੋ ਗਈਆਂ ਹਨ। ਲੋਕ ਤੰਤਰ ਦੇ ਆਗਮਣ ਨਾਲ ਸੰਪਰਦਾਵਾਂ ਵੋਟ ਬੈਂਕਾਂ ਵਿਚ ਤਬਦੀਲ ਹੋ ਗਈਆਂ ਹਨ ਤੇ ਸਿਰਾਂ ਦੀ ਗਿਣਤੀ ਦਾ ਮਹਤੱਵ ਵਧਿਆ ਹੈ। ਇਹਨਾਂ ਸਭ ਕਾਰਣਾਂ ਕਰਕੇ ਸੰਪਰਦਾਈ ਹਿੰਦੂ ਅਜੋਕੇ ਸਿੱਖਾਂ ਨੂੰ ਆਪਣੇ ਭਾਈਚਾਰੇ ਦਾ ਹਿੱਸਾ ਦੱਸ ਕੇ ਉਹਨਾਂ ਦਾ ਵੋਟ ਬੈਂਕ ਹਥਿਆਉਣਾ ਚਾਹੁੰਦੇ ਹਨ। ਇਕ ਕਾਰਣ ਇਹ ਵੀ ਹੈ ਕਿ ਉਹ ਉਹਨਾਂ ਨੂੰ ਆਪਣੇ ਜਿਹਾ ਦੱਸ ਕੇ ਆਪਣੇ ਮਨਸੂਬਿਆਂ ਦੀਆਂ ਭਾਵੀ ਰੁਕਾਵਟਾਂ ਦੂਰ ਕਰਨਾ ਚਾਹੁੰਦੇ ਹੋਣ। ਉਹਨਾਂ ਦੀ ਨੀਤੀ ਅਨੁਸਾਰ ਇਕ ਵੱਖਰਾ ਧਾਰਮਿਕ ਫਿਰਕਾ ਉਹਨਾਂ ਲਈ ਕਦੇ ਵੀ ਕਿਸੇ ਰਾਜਨੀਤਕ, ਸਮਾਜਿਕ ਜਾਂ ਧਾਰਮਿਕ ਗਤੀ-ਰੋਧ ਦਾ ਕਾਰਣ ਬਣ ਸਕਦਾ ਹੈ। ਗੱਲ ਇਹ ਵੀ ਹੈ ਕਿ ਸਿੱਖ ਖੁਲ੍ਹੇ ਤੌਰ ਤੇ ਹਿੰਦੂ ਧਰਮ ਦੀਆਂ ਰਹੁ-ਰੀਤਾਂ ਨੂੰ ਪਾਖੰਡਮਈ ਦੱਸਦੇ ਹਨ ਤੇ ਇਸ ਤਰ੍ਹਾਂ ਕਰਨ ਨੂੰ ਉਹ ਆਪਣੇ ਧਰਮ ਦਾ ਹਿੱਸਾ ਮੰਨਦੇ ਹਨ। ਪੱਕੀਆਂ ਦਲੀਲਾਂ ਨਾਲ ਆਪਣੀ ਨਿਖੇਧੀ ਸੁਣ ਕੇ ਹਿੰਦੂ ਬ੍ਰਾਹਮਣ ਦੀ ਮਾਨ-ਪ੍ਰਤਿਸ਼ਠਾ ਖਤਰੇ ਵਿਚ ਪੈਂਦੀ ਹੈ। ਇਤਿਹਾਸਿਕ ਪਰਿਪੇਖ ਵਿਚ ਭਾਰਤੀ ਹਿੰਦੂ ਸਾਰੇ ਭਾਰਤੀ ਉਪ-ਮਹਾਂਦੀਪ ਨੂੰ ਆਪਣੇ ਪ੍ਰਭੁੱਤਵ ਵਾਲਾ ਖਿੱਤਾ ਮੰਨਦਾ ਹੈ। ਇਸ ਵਿਚ ਉੱਠਦੀਆਂ ਵਿਰੋਧੀ ਸੁਰਾਂ ਉਸ ਨੂੰ ਖਤਰੇ ਦੀ ਘੰਟੀ ਸਮਾਨ ਲਗਦੀਆਂ ਹਨ। ਪੁਜਾਰੀ ਬ੍ਰਾਹਮਣ ਤਾਂ ਪਹਿਲਾਂ ਤੋਂ ਹੀ ਵਿਰੋਧਾਤਮਿਕ ਘਟ ਗਿਣਤੀਆਂ ਆਪਣੇ ਵਿਚ ਸਮੋ ਕੇ ਜਾਂ ਆਪਣੇ ਹੇਠ ਲਾ ਕੇ ਆਪਣੇ ਆਪ ਨੂੰ ਵਧੇਰੇ ਸੁਰਖਿਅਤ ਮਹਿਸੂਸ ਕਰਦਾ ਹੈ। ਇਸੇ ਲਈ ਸਦੀਆਂ ਤੋਂ ਉਹ ਬਹੁਲਵਾਦ ਦੀ ਥਾਂ ਇਕਵਾਦ ਦੇ ਮਾਹੌਲ ਨੂੰ ਵਧੇਰੇ ਸਥਾਈ ਸਮਝਦਾ ਆ ਰਿਹਾ ਹੈ।

ਉੱਧਰ ਸਿੱਖ ਵਿਦਵਾਨ ਸਮਝਦੇ ਹਨ ਕਿ ਉਹਨਾਂ ਨੂੰ ਹਿੰਦੂ ਕਹਿਣ ਜਾਂ ਹਿੰਦੂ ਧਰਮ ਦਾ ਹਿੱਸਾ ਦੱਸਣ ਪਿੱਛੇ ਹਿੰਦੂਆਂ ਦੀ ਕੋਈ ਗਹਰੀ ਚਾਲ ਹੈ। ਉਹਨਾਂ ਅਨੁਸਾਰ ਉਹ ਇਸ ਤਰ੍ਹਾਂ ਕਹਿ ਕੇ ਸ਼ਾਇਦ ਉਹਨਾਂ ਦੀ ਵੱਖਰੀ ਧਾਰਮਿਕ ਹਸਤੀ ਤੇ ਪਹਿਚਾਣ ਨੂੰ ਖਤਮ ਕਰ ਕੇ ਆਪਣੇ ਵਿਚ ਮਿਲਾਉਣਾ ਚਾਹੁੰਦੇ ਹਨ। ਉਹ ਸੋਚਦੇ ਹਨ ਕਿ ਹਿੰਦੂ ਧਰਮ ਭਾਰਤ ਵਿਚ ਇਕ ਬਹੁ-ਗਿਣਤੀ ਧਰਮ ਹੈ ਤੇ ਇਹ ਘਟ-ਗਿਣਤੀਆਂ ਨੂੰ ਸਹਿਨ ਨਹੀਂ ਕਰਦਾ। ਇਸ ਧਰਮ ਦੀ ਨੀਂਹ ਹੀ ਇਸ ਸਿਧਾਂਤ ਤੇ ਟਿਕੀ ਹੈ ਕਿ ਇਸ ਵਿਚ ਬ੍ਰਾਹਮਣਵਾਦੀ ਜਮਾਤਾਂ ਦਾ ਪ੍ਰੱਭੁਤਵ ਹਮੇਸ਼ਾ ਬਣਿਆ ਰਹੇ ਤੇ ਵਿਰੋਧਾਤਮਿਕ ਆਵਾਜ਼ਾਂ ਦਾ ਸੰਘਾਰ ਚਲਦਾ ਰਹੇ। ਉਹਨਾਂ ਅਨੁਸਾਰ ਇਸ ਦੇ ਸ਼ਾਤਰ ਕਰਤਾ ਧਰਤਾ ਸ਼ਾਮ, ਦਾਮ, ਦੰਡ, ਭੇਦ ਆਦਿਕ ਰਣ-ਨੀਤੀਆਂ ਰਾਹੀਂ ਇਸ ਕਾਰਜ ਨੂੰ ਕਰਨ ਵਿਚ ਪੂਰੀ ਤਰ੍ਹਾਂ ਨਿਪੁੰਨ ਹਨ। ਉਹਨਾਂ ਦੁਆਰਾ ਪਾਈਆਂ ਜਾਤ ਪਾਤ ਦੀਆਂ ਗੰਢਾਂ ਹਾਲੇ ਤੀਕਰ ਨਹੀਂ ਖੁਲ੍ਹੀਆਂ। ਹਿੰਦੂ ਸਮਾਜ਼ ਦਾ ਵਡਾ ਭਾਗ ਬ੍ਰਾਹਮਣੀ ਬੰਦੋਬਸਤ ਵਿਚ ਫਸ ਕੇ ਸਦੀਆਂ ਤੋਂ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਜੈਨ ਤੇ ਬੁੱਧ ਧਰਮ ਦੀਆਂ ਉਦਾਹਰਣਾਂ ਦੇ ਕੇ ਸਿੱਖ ਦੱਸਦੇ ਹਨ ਕਿ ਬਹੁਗਿਣਤੀ ਹਿੰਦੂ ਧਰਮ ਨੇ ਜਿਵੇਂ ਇਹਨਾਂ ਅਲਪ-ਸੰਖਿਅਕ ਧਰਮਾਂ ਨੂੰ ਹਜ਼ਮ ਕਰਕੇ ਇਹਨਾਂ ਦਾ ਭਾਰਤ ਵਿਚੋਂ ਨਾਸ਼ ਕਰ ਦਿੱਤਾ ਹੈ ਉਸੇ ਤਰ੍ਹਾਂ ਹੁਣ ਇਹ "ਅਜ਼ਗਰ" ਸਿੱਖ ਧਰਮ ਨੂੰ ਵੀ ਨਿਗਲਣਾ ਚਾਹੁੰਦਾ ਹੈ।

**ਕੀ ਸਿੱਖ ਇਸ ਬਹਿਸ ਵਿਚੋਂ ਬਾਹਰ ਆਉਣਗੇ?**

ਜੇ ਸਿੱਖ ਵਿਦਵਾਨ ਆਪਣੀ ਇਸ ਪੱਧਰ ਦੀ ਦਲੀਲਬਾਜ਼ੀ ਵਿਚ ਫਸੇ ਰਹਿੰਦੇ ਹਨ ਤਾਂ ਨਹੀਂ। ਸਗੋਂ ਆਸਾਰ ਇਸ ਤੋਂ ਉਲਟ ਹਨ। ਕਾਰਨ ਇਹ ਹੈ ਕਿ ਉਹ ਗੁਰੂ ਨਾਨਕ ਦੀ ਸੋਚ ਤੋਂ ਉੱਖੜੇ ਹੋਏ ਹਨ। ਉਹ ਸਿੱਖੀ ਦੀ ਗੱਲ ਨਹੀਂ ਕਰਦੇ ਸਿੱਖ ਧਰਮ ਦੀ ਗੱਲ ਕਰਦੇ ਹਨ। ਉਹ ਸਿੱਖ ਸਿਧਾਂਤ ਤੋਂ ਨਿੱਖੜ ਕੇ ਸਿੱਖ ਧਰਮ ਦੇ ਹੱਕ ਵਿਚ ਭੁਗਤ ਰਹੇ ਹਨ। ਉਹ ਬਿਗਾਨੇ ਖੇਤਰ ਵਿਚ ਜਾ ਕੇ ਬਿਗਾਨੀਆਂ ਸ਼ਰਤਾਂ ਤੇ ਬਿਆਨਬਾਜ਼ੀ ਕਰ ਰਹੇ ਹਨ। ਇਸ ਢੰਗ ਨਾਲ ਉਹਨਾਂ ਲਈ ਸਫਲਤਾ ਪ੍ਰਾਪਤ ਕਰਨਾ ਦੁਸ਼ਵਾਰ ਹੈ। ਜੇ ਉਹ ਆਪਣੇ ਮੱਤ ਦੀ ਵਿਗਿਆਨਿਕਤਾ ਨੂੰ ਪੂਰੀ ਤਰ੍ਹਾਂ ਜਾਣੇ ਬਗੈਰ ਇਸ ਨੂੰ ਇਕ ਧਰਮ ਸਮਝਦੇ ਹਨ ਤੇ ਆਪਣੀਆਂ ਧਾਰਮਿਕ ਰਵਾਇਤਾਂ ਦੇ ਹਵਾਲੇ ਨਾਲ ਬਹਿਸਦੇ ਹਨ ਫਿਰ ਉਹਨਾਂ ਦੇ ਕਿਆਸੇ "ਹਿੰਦੂ ਅਜ਼ਗਰ" ਲਈ ਉਹਨਾਂ ਦੇ ਧਰਮ ਨੂੰ "ਨਿਗਲਣਾ" ਕੋਈ ਔਖੀ ਗੱਲ ਨਹੀਂ। ਇਹ ਇਸ ਲਈ ਕਿ ਧਰਮ ਧਰਮ ਨੂੰ ਹੀ ਖਾ ਸਕਦਾ ਹੈ ਵਿਗਿਆਨ ਨੂੰ ਨਹੀਂ।

**ਤਾਂ ਫਿਰ ਸਿੱਖ ਆਪਣੇ ਖੇਤਰ ਵਿਚ ਰਹਿ ਕੇ ਸਹੀ ਦਲੀਲਾਂ ਕਿਉਂ ਨਹੀਂ ਦਿੰਦੇ?**

ਅਜੋਕੇ ਸਿੱਖ ਵਿਦਵਾਨਾਂ ਨੂੰ ਨਾ ਆਪਣੇ ਖੇਤਰ ਦਾ ਪਤਾ ਹੈ ਤੇ ਨਾ ਇਸ ਦੀਆਂ ਸੀਮਾਵਾਂ ਦਾ। ਨਾ ਉਹ ਆਪਣੀਆਂ ਸੱਹੀ ਸ਼ਰਤਾਂ ਘੜ੍ਹ ਸਕਦੇ ਹਨ ਤੇ ਨਾ ਹੀ ਸੱਹੀ ਦਲੀਲਾਂ ਦੇ ਰਹੇ ਹਨ। ਸੱਚ ਪੁਛੋ ਤਾਂ ਅਜੋਕੇ ਸਿੱਖ ਵਿਦਵਾਨ ਦਰਖਤ ਤੋਂ ਟੁੱਟੇ ਪੱਤੇ ਦੀ ਭਾਂਤੀ ਉਚਾਈ ਤੋਂ ਨੀਵਾਣ ਵਲ ਰਹੇ ਹਨ। ਹਉਮੈ ਦਾ ਸ਼ਿਕਾਰ ਹੋ ਕੇ ਹੈ ਉਹ ਪੜ੍ਹਾਈ ਲਿਖਾਈ ਤੇ ਸੋਚ ਵਿਚਾਰ ਦੀ ਗੱਲ ਛਡ ਗਏ ਹਨ। ਉਹ ਸਿਧਾਂਤ ਦੀ ਗੱਲ ਛੱਡ ਕੇ ਕੇਵਲ ਬਾਹਰੀ ਦਿੱਖ ਸਹਾਰੇ ਆਪਣੇ ਹਿੱਤਾਂ ਦੀ ਰੱਖਿਆ ਕਰਨ ਦਾ ਯਤਨ ਕਰ ਰਹੇ ਹਨ। ਉਹ ਸਿਧਾਂਤ ਤੋਂ ਅਣਜਾਣ ਹਨ ਤੇ ਕੇਵਲ ਸੁਣੀ ਸੁਣਾਈ ਗੱਲ ਨਾਲ ਸਰੋਕਾਰ ਰੱਖਦੇ ਹਨ। ਉਹ ਆਪਣੀ ਪਛਾਣ ਗੁਆ ਬੈਠੇ ਹਨ ਤੇ ਦੂਜਿਆਂ ਦੀ ਬੋਲੀ ਬੋਲਦੇ ਹਨ।

**ਪਰ ਅਜੋਕਾ ਸਿੱਖ ਇਸ ਵਿਜੋਗ ਦੀ ਅਵਸਥਾ ਵਿਚ ਕਿਉਂ ਚਲਿਆ ਗਿਆ ਹੈ?**

ਜਿਵੇਂ ਪਹਿਲਾਂ ਦੱਸਿਆ ਹੈ, ਅਜੋਕੇ ਸਿੱਖ ਵਿਦਵਾਨ ਇਕ ਅਜੀਬ ਭਟਕਣ ਦੀ ਅਵਸਥਾ ਵਿਚ ਹਨ ਕਿਉਂਕਿ ਉਹ ਬਾਣੀ ਦੇ ਅਧਿਐਨ ਨਾਲੋਂ ਟੁੱਟੇ ਹੋਏ ਹਨ। ਉਹ ਬਾਣੀ ਪੜਦੇ ਸੁਣਦੇ ਤਾਂ ਹਨ ਪਰ ਸਮਝਣ ਦਾ ਯਤਨ ਨਹੀ ਕਰਦੇ। ਜੇ ਕਦੇ ਸਮਝਣ ਦੀ ਕੋਸ਼ਿਸ਼ ਕਰਦੇ ਵੀ ਹਨ ਤਾਂ ਉਹ ਗੁਰੂ ਦੀ ਮੂਲ ਬਾਣੀ ਨਹੀਂ ਪੜ੍ਹਦੇ ਸਗੋਂ ਕਿਸੇ ਪੁਜਾਰੀ-ਕ੍ਰਿਤ ਤਰਜ਼ਮਾ ਜਾਂ ਉੱਲਥਾ ਪੜ੍ਹਦੇ ਹਨ। ਇਹ ਦਾਹਵੇ ਨਾਲ ਕਿਹਾ ਜਾ ਸਕਦਾ ਹੈ ਕਿ ਕਹਿੰਦੇ ਕਹਾਉਂਦੇ ਸਿੱਖ ਵਿਦਵਾਨ ਤੇ ਬੁਧੀਜੀਵੀ ਵੀ ਕਿਸੇ ਅਜਿਹੀ ਲਿਖਤ ਨੂੰ ਹੀ ਆਪਣੀ ਵਿਆਖਿਆ ਦਾ ਆਧਾਰ ਬਣਾਉਂਦੇ ਹਨ। ਇਥੋਂ ਤਿਕਰ ਕਿ ਗੂੜ-ਗਿਆਨ ਵਾਲੇ ਸਿੱਖ ਵੀ ਬਾਣੀ ਤੋਂ ਬਾਣੀ ਵਿਚਾਰਦੇ, ਉਹ ਵੀ ਸਟੀਕਾਂ ਵਿਚੋਂ ਬਾਣੀ ਦੇ ਅਰਥ ਪੜ੍ਹ ਕੇ ਹੀ ਆਪਣੇ ਸਟੀਕ ਲਿਖਦੇ ਹਨ। ਸੰਖੇਪ ਵਿਚ ਕਹੀਏ, ਅਜੋਕੇ ਸਿੱਖ ਬਾਣੀ ਨੂੰ ਪੜ੍ਹਨ ਦੀ ਥਾਂ ਇਸ ਦਾ ਪਾਠ ਕਰਦੇ ਹਨ। ਉਹਨਾਂ ਦੇ ਪਾਠ ਦਾ ਉਦੇਸ਼ ਬਾਣੀ ਦਾ ਵਿਵੇਕੀ ਵਿਸ਼ਲੇਸ਼ਣ ਕਰ ਕੇ ਇਸ ਵਿਚਲਾ ਸੰਦੇਸ਼ ਸਮਝਣਾ ਨਹੀਂ ਹੁੰਦਾ। ਉਹਨਾਂ ਅੰਦਰ ਇਹ ਜਾਨਣ ਦੀ ਜੁਗਿਆਸਾ ਉੱਕਾ ਨਹੀਂ ਕਿ ਗੁਰੂ ਸਾਹਿਬ ਕੀ ਲਿਖ ਕੇ ਗਏ ਹਨ। ਉਹ ਸਮਝਦੇ ਹਨ ਕਿ ਇਸ ਗੱਲ ਦਾ ਤਾਂ ਉਹਨਾਂ ਨੂੰ ਪਤਾ ਹੀ ਹੈ। ਉਹ ਤਾਂ ਬਾਣੀ ਨੂੰ ਪੂਜਾ ਪਾਠ ਤੇ ਅਰਦਾਸ ਲਈ ਵਰਤਦੇ ਹਨ। ਉਹ ਆਪਣੇ ਕੀਤੇ ਬਾਣੀ ਦੇ ਪਾਠ ਨੂੰ ਅਕਾਲ ਪੁਰਖ ਕੋਲ ਲੇਖੇ ਲਵਾਉਣ ਲਈ ਨਾਲ ਦੀ ਨਾਲ ਅਰਦਾਸ ਵੀ ਕਰਦੇ ਹਨ ਤਾਂ ਜੋ ਅਕਾਲ ਪੁਰਖ ਇਸ ਦਾ ਮੁੱਲ ਪਾ ਕੇ ਉਹਨਾਂ ਨੂੰ ਲਾਭ ਦੇਣਾ ਨਾ ਭੁੱਲ ਜਾਵੇ। ਉਹਨਾਂ ਦੇ ਬਾਣੀ ਪਾਠ ਦਾ ਮੁੱਖ ਮੰਤਵ ਆਪਣੇ ਨਿਜ਼ੀ ਹਿੱਤਾਂ ਦੀ ਪੂਰਤੀ ਕਰਨਾ ਹੁੰਦਾ ਹੈ। ਅਜੋਕਾ ਸਿੱਖ ਲੱਗ ਭੱਗ ਉਸੇ ਅਵਸਥਾ ਵਿਚ ਵਿਚਰ ਰਿਹਾ ਹੈ ਜਿਸ ਵਿਚੋਂ ਕੱਢਣ ਲਈ ਗੁਰੂ ਨਾਨਕ ਨੇ ਸਦੀਆਂ ਪਹਿਲਾਂ ਆਪਣੀ ਸੱਚੀ ਬਾਣੀ ਰਚੀ ਸੀ।

**ਅਜੋਕਾ ਸਿੱਖ ਵਿਦਵਾਨ ਇਸ ਭਟਕਣ ਵਿਚੋਂ ਕਿਵੇਂ ਨਿਕਲ ਸਕਦਾ ਹੈ?**

ਅਜੋਕੇ ਸਿੱਖ ਦੇ ਭਟਕਣ ਵਿਚੋਂ ਨਿਕਲਣ ਦਾ ਰਸਤਾ ਬਾਣੀ ਦੇ ਸਹੀ ਅਧਿਐਨ ਵਿਚ ਹੈ। ਜਿਸ ਦਿਨ ਅੱਜ ਦੇ ਸਿੱਖ ਨੇ ਗੁਰਬਾਣੀ ਦੀ ਸਹੀ ਸਿੱਖਿਆ ਹਾਸਲ ਕਰ ਲਈ ਤੇ ਇਸ ਦੀਆਂ ਮਾਨਤਾਵਾਂ ਆਪਣੇ ਮਨ ਵਿਚ ਬਿਠਾ ਲਈਆਂ, ਉਸੇ ਦਿਨ ਉਸ ਦੀਆਂ ਅੱਖਾਂ ਖੁਲ੍ਹ ਜਾਣਗੀਆਂ ਤੇ ਅਖਾਉਤੀ ਸੱਮਸਿਆਵਾਂ ਦਾ ਹਨ ਨਜ਼ਰ ਆ ਆਵੇਗਾ। ਗੁਰਬਾਣੀ ਦੇ ਠੀਕ ਅਧਿਐਨ ਨਾਲ ਹੀ ਉਸ ਦੇ ਸਿੱਖ ਹੋਣ ਦੇ ਸਭ ਦਾਈਏ ਸਫਲ ਹੋ ਜਾਣਗੇ। ਕੇਵਲ ਪਹਿਲੀ ਬਾਣੀ ਦੇ ਪਹਿਲੇ ਸ਼ਬਦ ਭਾਵ ਸੰਕੇਤ-ਸਮੂਹ (ੴ) ਦੀ ਸਮਝ ਨਾਲ ਹੀ ਸਭ ਲੋਕ ਉਸ ਨਾਲ ਸੰਪਰਦਾਇਕ ਬਹਿਸ ਕਰਨਾ ਛੱਡ ਦੇਣਗੇ। ਫਿਰ ਕੋਈ ਇਕ ਸਥਾਨਕ ਧਰਮ ਨਹੀਂ, ਸਗੋਂ ਦੁਨੀਆਂ ਦੇ ਸਭ ਧਰਮ ਉਸ ਦੀ ਸਿੱਖੀ ਸੋਚ ਦਾ ਪਾਣੀ ਭਰਨਗੇ। ਸ਼ਰਤ ਇਹ ਹੈ ਮਗਰ, ਕਿ ਇਸ ਦਾ ਅਧਿਐਨ ਕੇਵਲ ਉਹਨਾਂ ਅਰਥਾਂ ਦੀ ਭਾਲ ਵਿਚ ਹੀ ਹੋਵੇ ਜੋ ਗੁਰੂ ਨਾਨਕ ਸਾਹਿਬ ਨੇ ਉਹਨਾਂ ਵਿਚ ਪਾਏ ਸਨ।

# "ਸੁੱਚਾ ਸੂਰਮਾ" ਲੋਕ ਗਾਥਾ ਗਾਇਕੀ 'ਚ ਨਵਾਂ ਮਾਅਰਕਾ ਗਾਇਕ ਲੱਕੀ ਸਿੰਘ ਦੁਰਗਾਪੁਰੀਆ






ਇੰਜੀ. ਸਤਨਾਮ ਸਿੰਘ ਮੱਟੂ
91-97797-08257

ਕਲੀਆਂ ਦੇ ਬਾਦਸ਼ਾਹ ਮਰਹੂਮ ਕੁਲਦੀਪ ਮਾਣਕ ਦੀਆਂ ਲੋਕ ਗਾਥਾਵਾਂ ਤੋਂ ਬਾਅਦ ਅਜੋਕੇ ਗਾਇਕੀ ਚ ਇੱਕ ਨਵਾਂ ਉਥਾਨ ਜਿਹਾ ਆਇਆ ਹੈ, ਜਿਸਨੇ ਗਾਇਕੀ ਨੂੰ ਸੁਣਨ ਦੀ ਬਜਾਇ ਦੇਖਣ ਦੀ ਚੀਜ ਬਣਾ ਦਿੱਤਾ ਹੈ। ਪੱਛਮੀ ਸੰਗੀਤ ਦੀ ਚਕਾਚੌਂਧ ਨੇ ਸਾਡੀ ਪੁਰਾਤਨ ਗਾਇਕੀ ਨੂੰ ਲਿਤਾੜ ਕੇ ਨਸ਼ਾਵਾਦ, ਹਥਿਆਰਵਾਦ ਅਤੇ ਦਿਖਾਵੇਪਣ ਦੀ ਵਸਤੂ ਵਜੋਂ ਪੇਸ਼ ਕਰਕੇ ਇਸਦੇ ਸੰਗੀਤਕ ਰਸ ਨੂੰ ਭਿਆਨਕ ਸੱਟ ਮਾਰੀ ਹੈ।

ਪਰ ਫਿਰ ਵੀ ਕੁੱਝ ਗਾਇਕ ਸਾਡੀ ਰਵਾਇਤੀ ਗਾਇਕੀ ਨਾਲ ਸਾਡੀਆਂ ਲੋਕ ਗਾਥਾਵਾਂ ਨੂੰ ਪੁਨਰਜੀਵ ਕਰਨ ਲਈ ਕੋਸ਼ਿਸ਼ਾਂ ਨਾਲ ਆਪਣਾ ਯੋਗਦਾਨ ਪਾਉਂਦੇ ਹਨ।ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜਾ ਸਾਹਿਬਾਂ, ਸੋਹਣੀ ਮਹਿਵਾਲ, ਸੈਦਾ ਜੋਗਣ, ਸੀਰੀ ਫਰਹਾਦ, ਰਾਣੀ ਸੁੰਦਰਾਂ, ਰਾਜਾ ਰਸਾਲੂ, ਰਾਣੀ ਇੱਛਰਾਂ ਆਦਿ ਲੋਕ ਗਾਥਾਵਾਂ ਦੇ ਨਾਲ ਨਾਲ ਜਿਊਣਾ ਮੌੜ, ਜੱਗਾ ਜੱਟ, ਸੁੱਚਾ ਸੂਰਮਾ ਆਦਿ ਕਿੱਸੇ ਲੋਕ ਨਾਇਕਾ ਵਜੋਂ ਪ੍ਰਸਿੱਧ ਹਨ। ਇਹਨਾਂ ਵਿਚੋਂ ਲੋਕ ਨਾਇਕ "ਸੁੱਚਾ ਸੂਰਮਾ" ਨੂੰ ਅਜੋਕੀ ਪੀੜ੍ਹੀ ਦੇ ਨੌਜਵਾਨ ਗਾਇਕ ਲੱਕੀ ਦੁਰਗਾਪੁਰੀਆ ਨੇ ਗਾ ਕੇ ਪੁਰਾਤਨ ਲੋਕ ਗਾਥਾ ਗਾਇਕੀ ਨਾਲ ਜੁੜਨ ਦੀ ਕੋਸ਼ਿਸ਼ ਕੀਤੀ ਹੈ।

ਲੱਕੀ ਸਿੰਘ ਦੁਰਗਾਪੁਰੀਆ ਨੌਜਵਾਨ ਪੀੜ੍ਹੀ ਦਾ ਗਾਇਕ ਹੈ। ਸਟਾਰ ਗਾਇਕ ਜੈਜੀ ਬੀ ਆਪਣਾ ਉਸਤਾਦ,ਆਦਰਸ਼ ਅਤੇ ਪ੍ਰੇਰਨਾ ਸਰੋਤ ਮੰਨਣ ਵਾਲੇ ਲੱਕੀ ਸਿੰਘ ਦਾ ਜਨਮ ਭਗਤ ਸਿੰਘ ਨਗਰ ਜਿਲ੍ਹੇ ਦੇ ਪਿੰਡ ਦੁਰਗਾ ਪੁਰ (ਜੈਜ਼ੀ ਬੀ ਦੇ ਪਿੰਡ) ਪਿਤਾ ਸ੍ਰ. ਲਛਮਣ ਰਾਮ ਅਤੇ ਮਾਤਾ ਪਰਮਜੀਤ ਕੌਰ ਦੇ ਘਰ 29 ਕੁ ਵਰੇ ਪਹਿਲਾਂ ਹੋਇਆ। ਸੰਗੀਤ ਨੂੰ ਸਾਧਨਾ ਅਤੇ ਰੂਹਾਨੀਅਤ ਖੁਰਾਕ ਮੰਨਣ ਵਾਲੇ ਲੱਕੀ ਸਿੰਘ ਨੇ ਲੰਡਨ ਦੀ ਗੋਰੀ, ਰਾਂਝੇ, ਬੋਰਨ ਕਿੰਗ, ਸਿੰਘ ਸੂਰਮੇ, ਆਹ ਚੱਕ ਹਮਰ, ਸ਼ਹੀਦੀ ਛੋਟੇ ਸਾਹਿਬਜ਼ਾਦੇ, ਮਿੱਤਰਾਂ ਦਾ ਨਾਮ, ਧਾਰਾ 144, ਪਿੰਡਾਂ ਆਲੇ, ਰਿਊਡ ਡਿਊਡ, ਪਾਗਲ ਬੰਦਾ ਆਦਿ ਸੁਪਰ ਹਿੱਟ ਗੀਤ ਗਾਏ ਹਨ।

ਭਾਵੇਂ ਲੱਕੀ ਦੁਰਗਾਪੁਰੀਆ ਗਾਇਕ ਜੈਜ਼ੀ ਬੀ ਵਾਂਗ ਪੱਛਮੀ ਪੋਪ ਸੰਗੀਤ ਨੂੰ ਪੰਜਾਬੀ ਸੰਗੀਤ ਚ ਮਿਕਸ ਕਰਕੇ ਗਾਉਣ ਨੂੰ ਤਰਜੀਹ ਦਿੰਦਾ ਹੈ, ਪਰ ਦੇਸੀ ਸਾਜ਼ਾਂ ਦੀਆਂ ਧੁਨਾਂ ਉਸਦੇ ਧੁਰ ਅੰਦਰ ਦੀ ਪਸੰਦ ਹਨ।ਉਸਦੇ ਗੀਤਾਂ 'ਚ ਹਰਮੋਨੀਅਮ, ਤੂੰਬੀ, ਢੋਲ,ਅਲਗੋਜ਼ੇ ਆਦਿ ਸ਼ਮੂਲੀਅਤ ਨਿਵੇਕਲੀ ਅਤੇ ਮਾਣਮੱਤੀ ਸੋਚ ਹੈ।

ਅਜੋਕੇ ਨਸ਼ਾਵਾਦ, ਹਿੰਸਕ ਅਤੇ ਹਥਿਆਰਵਾਦੀ ਗਾਇਕਧਾਰਾ ਤੋਂ ਹੱਟ ਕੇ ਉਸਨੇ "ਸੁੱਚਾ ਸੂਰਮਾ" ਗੀਤ ਨਾਲ ਵਿਲੱਖਣਤਾ ਕਾਇਮ ਕੀਤੀ ਹੈ ਅਤੇ ਪੰਜਾਬੀਅਤ ਦੇ ਲੋਕ ਨਾਇਕ ਨੂੰ ਨਿਵੇਕਲੇ ਅੰਦਾਜ਼ ਅਤੇ ਆਪਣੀ ਬੁਲੰਦ ਆਵਾਜ਼ ਚ ਗਾਇਆ ਹੈ। ਅਜੋਕੇ ਸੰਗੀਤ ਦੇ ਸ਼ੋਰ ਤੋਂ ਮੁਕਤ ਗੀਤ ਦਿਲ ਨੂੰ ਟੁੰਬਦਾ ਹੈ। ਸੰਗੀਤਕਾਰ ਦੀਪ ਰੁਆਇਸੀ ਨੇ ਗੀਤ ਦਾ ਸੰਗੀਤ ਰੂਹ ਨਾਲ ਤਿਆਰ ਕੀਤਾ ਹੈ। ਗੀਤਕਾਰ ਦਰਸ਼ਨ ਕਲਸੀ ਦਾ ਲਿਖਿਆ ਇਹ ਗੀਤ ਵੀਐਸ ਰਿਕਾਰਡਜ਼ ਦੀ ਪੇਸ਼ਕਸ਼ ਹੈ। ਇਸਨੂੰ ਪੁਰਾਣੇ ਸਮੇਂ ਮੁਤਾਬਿਕ ਗੁਰੀ ਗਰੇਵਾਲ ਨੇ ਵੱਖ ਵੱਖ ਲੋਕੇਸ਼ਨਜ਼ ਤੇ ਸ਼ੂਟ ਕੀਤਾ ਹੈ। 20 ਅਗਸਤ ਨੂੰ ਦੇਸ਼ ਵਿਦੇਸ਼ 'ਚ ਰਿਲੀਜ਼ ਹੋ ਰਹੇ ਇਸ ਗੀਤ ਪ੍ਰਤੀ ਪੂਰੀ ਟੀਮ ਨੂੰ ਖੁਸ਼ੀ ਅਤੇ ਸਰੋਤਿਆਂ ਤੋਂ ਭਰਪੂਰ ਪਿਆਰ ਅਤੇ ਸਹਿਯੋਗ ਮਿਲਣ ਦੀਆਂ ਆਸਾਂ ਹਨ।

ਆਦਾਰਾ ਵੀ ਇਸ ਪ੍ਰਤੀ ਸ਼ੁਭਕਾਮਨਾਵਾਂ ਦਿੰਦਾ ਹੈ।

# ਕਹਾਣੀ

# 'ਘਰ' ਵਾਪਸੀ

ਜਤਿੰਦਰ ਰੰਧਾਵਾ
randhawajatinder1@gmail.com



ਅੱਜ ਜਦੋਂ ਸਾਢੇ ਗਿਆਰਾਂ ਕੁ ਵਜੇ ਮੈਂ ਆਪਣੇ ਆਫਿਸ ਰਿਪੋਰਟ ਕੀਤੀ ਤਾਂ ਡਿਊਟੀ ਮੈਨੇਜਰ ਦਾ ਹੁਕਮ ਮੇਰਾ ਇੰਤਜ਼ਾਰ ਕਰ ਰਿਹਾ ਸੀ। ਮੈਂ ਫਟਾਫਟ ਡਿਊਟੀ ਸੀਟ ਤੇ ਸਾਈਨ ਕੀਤੇ ਤੇ ਆਪਣੀ ਨਵੀਂ ਅਸਾਇਨਮੈਂਟ ਵੇਖਣ ਲੱਗ ਪਈ। ਅਗਲੇ ਪੰਦਰਾਂ ਮਿਟਾਂ ਵਿੱਚ ਅਮੇਰਿਕਨ ਏਅਰ ਲਾਈਨਸ ਦੀ ਫਲਾਈਟ 4427 ਗੇਟ ਨੰਬਰ ਏ 14 ਤੇ ਲੱਗਣ ਵਾਲੀ ਸੀ ਤੇ ਮੈਨੂੰ ਇਸ ਅਮੇਰਿਕਨ ਫਲਾਈਟ ਵਿਚੋਂ ਤਿੰਨ ਯੂ.ਐਮ.ਸੀ. (Unaccompanied Minor Child) ਲਿਆ ਉਨ੍ਹਾਂ ਦੇ ਘਰਦਿਆਂ ਦੇ ਹਵਾਲੇ ਕਰਨੇ ਸੀ ਜੋ ਐਰਾਈਵਲ ਗੇਟ ਤੇ ਉਹਨਾਂ ਦਾ ਇੰਤਜ਼ਾਰ ਕਰ ਰਹੇ ਸਨ।

ਆਮ ਤੌਰ ਤੇ ਮਾਈਨਰ ਬੱਚੇ ਇਹਨਾਂ ਜਹਾਜ਼ਾਂਤੇ ਇਕੱਲੇ ਸਫ਼ਰ ਕਰਦੇ ਰਹਿੰਦੇ ਹਨ ਤੇ ਸਾਨੂੰ ਇਹਨਾਂ ਛੋਟੇ ਮਹਿਮਾਨਾਂ ਨੂੰ ਸਰਵ ਕਰਨ ਦਾ ਚਾਅ ਜਿਹਾ ਹੁੰਦਾ ਹੈ, ਜਿਸ ਨਾ.ਲ ਜਾਬ ਵਿੱਚ ਰੌਚਕਤਾ ਵੀ ਬਣੀ ਰਹਿੰਦੀ ਹੈ। ਮੈਂ ਚਾਈਂ ਚਾਈਂ ਏਅਰ ਕ੍ਰਾਫਟ ਦੇ ਗੇਟ ਏ-14 ਤੇ ਵਕਤ ਸਿਰ ਪਹੁੰਚ ਗਈ ਸਾਂ।

ਜਦ ਮੈਂ ਏਅਰ ਕ੍ਰਾਫਟ ਦੇ ਗੇਟ ਤੇ ਪਹੁੰਚੀ ਤਾਂ ਯੂਨਾਈਟਿਡ ਏਅਰਲਾਈਨਜ਼ ਦਾ ਟਰਾਂਸਪੋਰਟਰ ਏਜੰਟ ਬਰਿਜ ਦੇ ਗੇਟ ਨੂੰ ਜਹਾਜ਼ ਦੇ ਨਿਕਾਸੀ ਦਰਵਾਜ਼ੇ (ਇਕਜ਼ਿਟ ਡੋਰ) ਨਾ.ਲ ਜੋੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਵੀ ਬਰਿਜ ਤੇ ਖੜੀ ਟਰਾਂਸਪੋਰਟ ਏਜੰਟ ਦੀ ਇਸ ਸਫਲ ਕੋਸ਼ਿਸ਼ ਵਿੱਚ ਸ਼ਾਮਿਲ ਹੋ ਗਈ ਸਾਂ। ਜਹਾਜ਼ ਦੇ ਇੰਜਣ ਦਾ ਸ਼ੋਰ ਤੇ ਬਰਿਜ ਦਾ ਖੁਲ੍ਹਾ ਦਰਵਾਜ਼ਾ ਤੇ ਬਾਹਰੋਂ ਆਉਂਦੀ ਠੰਡੀ ਹਵਾ ਇਕ ਵੱਖਰਾ ਜਿਹਾ ਦ੍ਰਿਸ਼ ਸਿਰਜ ਰਹੇ ਸਨ। ਤਿੰਨ ਕੁ ਵਾਰ ਕੋਸ਼ਿਸ਼ ਕਰਨ ਤੇ ਬਰਿਜ ਦਾ ਦਰਵਾਜ਼ਾ ਜਹਾਜ਼ ਦੇ ਦਰਵਾਜ਼ੇ ਨਾ.ਲ ਬਿਲਕੁਲ ਇਕ-ਮੁਕ ਹੋ ਚੁੱਕਾ ਸੀ। ਇੰਜ ਜਾਪ ਰਿਹਾ ਸੀ ਕਿ ਦੋਹੇਂ ਦਰਵਾਜ਼ੇਇਕ ਦੂਜੇ ਨੂੰ ਘੁੱਟ ਕੇ ਗਲਵਕੜੀ ਪਾਈ ਇਕ ਦੂਸਰੇ ਨੂੰ ਰਸਮੀ ਚੁੰਮਣ ਦੇ ਰਹੇ ਹੋਣ।

ਸਾਰੇ ਪੈਸੰਜਰ ਬਹੁਤ ਖੁਸ਼ੀ ਨਾਲ ਇਕ ਦੂਸਰੇ ਨੂੰ ਤੇ ਜਹਾਜ਼ ਦੇ ਸਟਾਫ ਨੂੰ ਅਲਵਿਦਾ ਕਹਿੰਦੇ ਹੋਏ ਵਾਹੋ ਦਾਹੀ ਆਪਣੀ ਅਗਲੀ ਮੰਜ਼ਿਲ ਵਲ ਵੱਧ ਰਹੇ ਸਨ।

ਐਨੇ ਨੂੰ ਜਹਾਜ਼ ਵਿਚੋਂ ਇਕ ਪਿਆਰੀ ਜਿਹੀ ਏਅਰ ਹੋਸਟੈਸ ਨੇ ਆਪਣੇ ਨਾ.ਲ ਸੋਹਣੇ ਸੋਹਣੇ ਤਿੰਨ ਬੱਚੇ ਜਿਹਨਾਂ ਦੇ ਗ.ਲਾਂ ਵਿੱਚ ਉਹਨਾਂ ਦੇ ਨੇਮ ਟੈਗ ਅਤੇ ਫਲਾਈਟ ਨੰਬਰ ਲਿਖੇ ਹੋਏ ਸਨ, ਮੇਰੇ ਕੋ.ਲ ਲਿਆ ਖਲ੍ਹਾਰੇ ਤੇ ਮੈਨੂੰ ਕੁਛ ਕਾਗਜ ਪੱਤਰ ਫੜਾਏ। ਜਿਹਨਾਂ ਵਿੱਚ ਉਹਨਾਂ ਦੀ ਯਾਤਰਾ ਦੇ ਵੇਰਵੇ ਤੇ ਕੁਛ ਜ਼ਰੂਰੀ ਜਾਣਕਾਰੀ ਸੀ। ਇਕ ਕਾਗਜ਼ ਤੇ ਮੇਰੇ ਹਸਤਾਖਰ ਲੈ ਉਹ ਮਿੱਠ ਬੋਲੜੀ ਹੋਸਟੈਸ ਆਪਣੀ ਜ਼ਿਮੇਵਾਰੀਤੋਂ ਮੁਕਤ ਹੋ, ਪਿਆਰ ਨਾ.ਲ ਬਾਏ ਕਹਿ ਕੇ ਜਾ ਰਹੀ ਸੀ। ਮੇਰੀਆਂ ਮਹਿਮਾਨ ਬਹੁਤੀ ਸੋਹਣੀਆਂ ਤਿੰਨ ਬੱਚੀਆਂ ਸਨ ਜਿਹਨਾਂ ਨੇ ਸੋਹਣੇ ਕਪੜੇ ਪਾਏ ਹੋਏ ਸਨ ਤੇ ਅਨਜਾਣੀ ਧਰਤੀ ਤੇ ਅਨਜਾਣੇ ਲੋਕਾਂ ਵਿਚ ਹੋਣ ਦੇ ਬਾਵਜੂਦ ਵੀ ਉਹਨਾਂ ਦੇ ਗੁਲਾਬੀ ਚਿਹਰੇ ਖਿੜੇ ਹੋਏ ਸਨ।

ਮੈਂ ਉਹਨਾਂ ਪਿਆਰੀਆਂ ਬੱਚੀਆਂ ਨੂੰ ਆਪਣੀ ਪਛਾਣ ਕਰਵਾਈ ਤੇ ਹੋਰਨਾਂ ਯਾਤਰੀਆਂ ਨਾਲ ਹੀ ਇਮੀਗਰੇਸ਼ਨਜ਼ ਵਾ.ਲੇ ਪਾਸੇ ਜਾਂਦੀ ਭੀੜ ਵਿੱਚ ਸ਼ਾਮਿਲ ਹੋ ਗਈ। ਇਹ ਤਿੰਨ ਬੱਚੀਆਂ ਕ੍ਰਮਵਾਰ ਸੱਤ, ਦਸ ਤੇ ਸਾਢੇ ਕੁ ਤੇਰਹਾਂ ਸਾਲ ਦੀ ਉਮਰ ਦੀਆਂ ਸਨ। ਬੜੀ ਖੁਸ਼ੀ ਅਤੇ ਚਾਵਾਂ ਨਾਲ ਗੱਲਾਂ ਬਾਤਾਂ ਕਰਦੀਆਂ ਉਹ ਮੇਰੇ ਨਾ.ਲ ਤੁਰੀਆਂ ਆ ਰਹੀਆਂ ਸਨ, ਸਭ ਤੋਂ ਛੋਟੀ ਬੱਚੀ, ਜਿਸ ਦਾ ਨਾਮ ਰੁਬੀਨਾ ਸੀ, ਉਹ ਬਹੁਤ ਚਹਿਕ ਰਹੀ ਸੀ। ਵੇਖਣ ਤੋਂ ਪਤਾ ਲਗਦੀ ਸੀ ਕਿ ਉਹ ਪਹਿਲੀ ਵਾਰੀ ਕਨੇਡਾ ਆਈਆਂ ਸਨ। ਕਿਸੇ ਆਪਣੇ ਨੂੰ ਮਿਲਣ ਦਾ ਚਾਅ ਉਹਨਾਂ ਦੇ ਚਿਹਰਿਆਂ ਤੋਂ ਸਾਫ ਪੜ੍ਹਿਆ ਜਾ ਸਕਦਾ ਸੀ। ਚਾਅ ਨਾਲ ਇਹਨਾਂ ਪਰੀਆਂ ਦੇ ਪੈਰ ਧਰਤੀ ਤੇ ਨਹੀਂ ਸਨ ਲੱਗ ਰਹੇ। ਛੋਟੀ ਰੁਬੀਨਾ ਵਿਚਲੀ ਲਾਈਬਾ ਅਤੇ ਸਾਰਿਆਂ ਤੋਂ ਵੱਡੀ ਰਿਸ਼ੈਲ ਜੋ ਥੋੜ੍ਹੀ ਸੀਰੀਅਸ ਵੀ ਲੱਗ ਰਹੀ ਸੀ। ਕੁੜੀਆਂ ਪਹਿਲਾਂ ਵਾਸ਼ਰੂਮ ਜਾਣਾ ਚਾਹੁੰਦੀਆਂ ਸਨ। ਮੈਂ ਉਹਨਾਂ ਦੇ ਨਾਮ ਚੰਗੀ ਤਰ੍ਹਾਂ ਪੱਕੇ ਕਰ ਲਏ ਸਨ, ਤਾਂ ਕਿ ਉਹਨਾਂ ਨਾਲ ਗੱਲ ਕਰਨ ਲੱਗਿਆਂ ਉਹਨਾਂ ਨੂੰ ਓਪਰਾ ਨਾ ਮਹਿਸੂਸ ਹੋਵੇ ਜੋ ਸਾਡੀ ਕਸਟਮਰ ਸਰਵਿਸ ਵਾਲਿਆਂ ਦੀ ਪਹਿਲੀ ਸ਼ਰਤ ਹੁੰਦੀ ਹੈ ਕਿ ਕਸਟਮਰ ਨੂੰ ਕਮਫਰਟੇਬਲ ਮਹਿਸੂਸ ਹੋਵੇ ਤੇ ਉਹ ਤੁਹਾਡੇ ਤੇ ਵਿਸ਼ਵਾਸ ਕਰਨ।

ਉਹਨਾਂ ਦੇ ਗ.ਲਾਂ ਵਿੱਚ ਟੈਗਜ਼ ਤੋਂ ਮੈਨੂੰ ਉਹਨਾਂ ਦੇ ਨਾਮ ਅਤੇ ਫਲਾਈਟ ਨੰਬਰਜ਼ ਬਾਰੇ ਹੀ ਪਤਾ ਲੱਗਾ ਸੀ, ਉਹਨਾਂ ਦੇ ਕਾਗਜ਼ ਪੱਤਰ ਅਤੇ ਪਾਸਪੋਰਟ ਇਕ ਪਲਾਸਟਿਕ ਟਰਾਂਸਪਰੇਂਟ ਫੋਲਡਰ ਵਿੱਚ ਪਾਏ ਗਏ ਸਨ ਜਿਹਨਾਂ ਨੂੰ ਖੋਲ੍ਹਣ ਅਤੇ ਪੜ੍ਹਨ ਦੀ ਮੈਨੂੰ ਬਹੁਤੀ ਲੋੜ ਨਹੀਂ ਸੀ, ਇਸ ਲਈ ਉਹਨਾਂ ਦੀ ਨਾਗਰਿਕਤਾ ਬਾਰੇ ਮੈਨੂੰ ਬਹੁਤਾ ਪਤਾ ਨਹੀਂ ਸੀ ਅਤੇ ਨਾ ਹੀ ਇਹ ਮੇਰੀ ਝਓਬ ਦਾ ਕੋਈ ਹਿੱਸਾ ਸੀ। ਕਨੇਡੀਅਨ ਇਮੀਗਰੇਸ਼ਨ ਅਤੇ ਕਸਟਮ ਵਿਭਾਗ ਵਿੱਚ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਸਨ ਪਰ ਵਹੀਲ ਚੇਅਰ ਅਤੇ ਯੂ ਐਮ ਸੀ ਵਾਲਿਆਂ ਦਾ ਕਾਉਂਟਰ ਵੱਖਰਾ ਹੋਣ ਕਰਕੇ ਅਸੀਂ ਛੇਤੀ ਹੀ ਇਕ ਕਾਉਂਟਰ ਦੇ ਸਾਹਮਣੇ ਖੜ੍ਹੇ ਸਾਂ। ਮੈਂ ਉਹਨਾਂ ਦੇ ਕਾਗਜ਼ ਪੱਤਰਾਂ ਵਾ.ਲਾ ਫੋਲਡਰ ਅਧਿਕਾਰੀ ਨੂੰ ਫੜਾ, ਬੱਚੀਆਂ ਨੂੰ ਕਾਉਂਟਰ ਸਾਹਮਣੇ ਖੜ੍ਹਾ ਕਰ ਆਪ ਥੋੜ੍ਹਾ ਪਿੱਛੇ ਹਟ ਕੇ ਖਲੋ ਗਈ। ਜਦੋਂ ਪਾਸਪੋਰਟ ਦੇਖਣ ਤੋਂ ਬਾਅਦ ਅਧਿਕਾਰੀ ਨੇ ਬੱ-ਚੀਆਂ ਤੋਂ ਪੁੱਛਿਆ ਕਿ ਉਹ ਕਨੇਡਾ ਕਿਸ ਨੂੰ ਮਿਲਣ ਆਈਆਂ ਤਾਂ ਮੈਨੂੰ ਪਤਾ ਲੱਗਾ ਕੇ ਉਹ ਵਿਜ਼ਟਰ ਵੀਜ਼ੇ ਤੇ ਕਨੇਡਾ ਆਈਆਂ ਹਨ। ਇਸ ਤਰ੍ਹਾਂ ਦੀ ਪੁੱਛ ਪੜਤਾਲ ਵੇਲੇ ਸਾਨੂੰ ਥੋੜ੍ਹੀ ਦੂਰ ਹੋ ਕੇ ਖੜ੍ਹਾ ਹੋਣਾ ਪੈਂਦਾ ਹੈ, ਇਸ ਕਾਰਣ ਬਹੁਤੀ ਗੱਲ ਮੇਰੀ ਸਮਝ ਵਿੱਚ ਨਾ ਆਈ। ਉਹਨਾਂ ਕੀ ਸਵਾਲ ਕੀਤੇ ਤੇ ਬੱਚੀਆਂ ਨੇ ਕੀ ਜਵਾਬ ਦਿੱਤੇ ਮੈਨੂੰ ਕੁੱਝ ਪਤਾ ਨਹੀਂ ਲੱਗਿਆ। ਮੈਂ ਉਹਨਾਂ ਦੀ ਪੁਛ ਪੜਤਾਲ ਤੋਂ ਬੇਖਬਰ ਇਕ ਪਾਸੇ ਖੜ੍ਹੀ ਸੀ। ਅਚਾਨਕ ਹੀ ਮੈਂ ਇਮੀਗਰੇਸ਼ਨ ਆਫਿਸਰ ਦੇ ਚਿਹਰੇ ਦੇ ਭਾਵ ਬਦਲਦੇ ਵੇਖੇ। ਉਹ ਆਪਣੇ ਕੰਮਪਿਊਟਰ ਤੇ ਕੁੱਝ ਡੂੰਘਾ ਰੁਝਿਆ ਹੋਇਆ ਸੀ। ਲੱਗਦਾ ਸੀ ਕਿ ਕੋਈ ਰਿਕਾਰਡ ਚੈੱਕ ਕਰ ਲਿਆ ਹੈ। ਕੁਛ ਚਿਰ ਜਾਂਚ ਪੜਤਾਲ ਕਰਨ ਤੋਂ ਬਾਅਦ ਉਹ ਕਾਉਂਟਰ ਤੋਂ ਹੱਟ ਕੇ ਬਣੇ ਪਿਛਲੇ ਆਫਿਸ ਵਿੱਚ ਰੂਬੀਨਾ ਤੇ ਲਾਈਬਾ ਨੂੰ ਲੈ ਗਿਆ ਤੇ ਰਿਸ਼ੈਲ ਨੂੰ ਵੱਖਰੇ ਕਮਰੇ ਵਿੱਚ ਲਿਜਾਇਆ ਗਿਆ।

ਮੈਂ ਜੋ ਉਹਨਾਂ ਬੱਚਿਆਂ ਦੀ ਏਅਰ ਪੋਰਟ ਤੇ ਜ਼ਿਮੇਵਾਰਸੀ ਉਹਨਾਂ ਨਾ.ਲ ਹੀ ਜਾਣਾ ਸੀ ਪਰ ਮੈਨੂੰ ਥੋੜ੍ਹਾ ਦੂਰ ਹੀ ਬੈਠਣਾ ਪਿਆ ਕਿਉਂਕਿ ਉਹਨਾਂ ਦੀ ਪੁੱਛ ਪੜਤਾਲ ਵੇਲੇ ਕੋ.ਲ ਜਾਣ ਦੀ ਮੈਨੂੰ ਇਜਾਜ਼ਤ ਨਹੀਂ ਸੀ। ਇਕਇਕ ਕਰਦੇ ਰੂਬੀਨਾ, ਲਾਈਬਾ ਤੇ ਰਿਸ਼ੈਲ ਨੂੰ ਸਵਾਲ ਪੁੱਛੇ ਜਾਣ ਲੱਗੇ। ਇਮੀਗਰੇਸ਼ਨ ਵਾ.ਲੇ ਭਾਵੇਂ ਕਾਫ਼ੀ ਨਰਮਾਈ ਨਾ.ਲ ਗੱਲ ਬਾਤ ਕਰ ਰਹੇ ਸਨ ਪਰ ਸਮਾਂ ਕਾਫ਼ੀ ਲੰਘਦਾ ਜਾ ਰਿਹਾ ਸੀ। ਦੁਪਹਿਰ ਦੇ ਢਾਈ ਵੱਜ ਚੁੱਕੇ ਸਨ। ਮੇਰੀ ਪਹਿਲੀ ਅਸਾਈਨਮੈਂਟ ਹੀ ਕਾਫ਼ੀ ਲੰਮੀ ਹੋ ਗਈ ਸੀ ਤੇ ਮੇਰੇ ਪੇਜਰਤੇ ਮੇਰੇ ਸੁਪਰਵਾਈਜ਼ਰ ਵੱਲੋਂ ਅਪਡੇਟ ਪੁੱਛੀ ਜਾ ਰਹੀ ਸੀ ਤਾਂ ਜੋ ਮੈਨੂੰ ਦੂਸਰਾ ਕੰਮ ਸੌਂਪਿਆ ਜਾਵੇ ਪਰ ਮੈਂ ਤਾਂ ਪਹਿਲੀ ਹੀ ਅਸਾਈਨਮੈਂਟ ਵਿੱਚ ਉਲਝੀ ਪਈ ਸਾਂ। ਦੂਜੇ ਹੀ ਪਲ ਮੈਨੂੰ ਉਹਨਾਂ ਮਾਸੂਮ ਬੱਚੀਆਂ ਦਾ ਖ਼ਿਆਲਆਇਆ ਜੋ ਪਿਛਲੇ ਢਾਈ ਘੰਟਿਆਂ ਤੋਂ ਇਸ ਇਨਟੈਰੋਗੇਟਿਵ ਸਥਿਤੀ ਵਿੱਚ ਫਸੀਆਂ ਹੋਈਆਂ ਸਨ। ਮੈਨੂੰ ਉਹਨਾਂ ਦੀ ਭੁੱਖ ਪਿਆਸ ਦਾ ਖ਼ਿਆਲ ਆਇਆ। ਮੈਨੂੰ ਕੁੱਝ ਪਤਾ ਨਹੀਂ ਲੱਗ ਰਿਹਾ ਸੀ ਕਿ ਅੰਦਰ ਕੀ ਹੋ ਰਿਹਾ ਤੇ ਸ਼ਾਇਦ ਬੱਚੇ ਵੀ ਬਹੁਤ ਕੁੱਝ ਨਹੀਂ ਜਾਣਦੇ ਸਨ। ਜੋ ਪੁੱਛਿਆ ਜਾ ਰਿਹਾ ਸੀ ਉਸ ਦਾ ਜਵਾਬ ਜ਼ਰੂਰ ਦੇ ਰਹੇ ਸਨ। ਰੂਬੀਨਾ ਦੇ ਚਿਹਰੇ ਦੀ ਚਮਕ ਵੀ ਫਿੱਕੀ ਪੈ ਰਹੀ ਸੀ ਸ਼ਾਇਦ ਭੁੱਖ ਨਾਲ ਜਾਂ ਥਕਾਨ ਨਾ.ਲ। ਰਿਸ਼ੈਲ ਤੇ ਮੈਨੂੰ ਸ਼ੁਰੂ ਤੋਂ ਹੀ ਕੁਛ ਸੀਰੀਅਸ ਹੀ ਲੱਗੀ ਸੀ।

ਜਦ ਉਹਨਾਂ ਤੋਂ ਪੁੱਛਿਆ ਗਿਆ ਕਿ ਉਹਨਾਂ ਨੂੰ ਲੈਣ ਕੌਣ ਆ ਰਿਹਾ ਹੈ ਤਾਂ ਰੂਬੀਨਾ ਚਹਿਕ ਕੇ ਬੋਲੀ, "ਮਾਈ ਫਾਦਰ, ਹੀ ਵਿਲ ਟੀਚ ਯੂ ਗਾਏਸ ਏ ਲੈਸਨ।"ਉਸ ਦਾ ਇਸ਼ਾਰਾ ਇਮੀਗਰੇਸ਼ਨ ਵਾਲਿਆਂ ਵਲ ਸੀ। ਵੱਡੀਆਂ ਭੈਣਾਂ ਦੀ ਚਿੰਤਾ ਤੋਂ ਬੇਖ਼ਬਰ ਉਹ ਆਪਣੇ ਨਾ.ਲ ਲਿਆਂਦੀ ਡੌਲ ਦੇ ਬਾ.ਲ ਸੁਆਰ ਰਹੀ ਸੀ। ਉਹ ਉਹਦੇ ਵਾ.ਲਾਂ ਵਿੱਚ ਕਦੀ ਰੰਗ ਬਿਰੰਗੇ ਕਲਿੱਪ ਲਗਾਉਂਦੀ ਅਤੇ ਕਦੀ ਵੰਨ ਸੁਵੰਨੇ ਰਬੜ ਬੈਂਡਾਂ ਨਾਲ ਬਾ.ਲ ਬੰਨ੍ਹ ਦਿੰਦੀ।

ਫਾਦਰ ਦਾ ਨਾਮ ਸੁਣਦਿਆਂ ਹੀ ਇਮੀਗਰੇਸ਼ਨ ਆਫੀਸਰ ਦੀਆਂ ਅੱਖਾਂ ਖੁਲ੍ਹੀਆਂ ਅਤੇ ਉਹ ਫਿਰ ਆਪਣੇ ਕੰਮਪਿਊਟਰ ਤੇ ਜਿਵੇਂ ਕੁੱਝ ਲੱਭਣ ਲੱਗਾ।

ਟਾਈਮ ਖਿਸਕਦਾ ਜਾ ਰਿਹਾ ਸੀ। ਭਾਵੇਂ ਇਮੀਗਰੇਸ਼ਨ ਆਫੀਸਰ ਮੁਸਤੈਦੀ ਨਾਲ ਆਪਣੀ ਡਿਊਟੀ ਨਿਭਾ ਰਿਹਾ ਸੀ ਪਰ ਮੇਰਾ ਮਨ ਇਹਨਾਂ ਬੱਚੀਆਂ ਪ੍ਰਤੀ ਭਾਵੁਕ ਹੋ ਰਿਹਾ ਸੀ। ਮੈਂ ਉਹਨਾਂ ਨਾ.ਲ ਪਿਛਲੇ ਚਾਰ ਘੰਟਿਆਂ ਤੋਂ ਸਾਂ ਤੇ ਉਹਨਾਂ ਕੁੱਝ ਖਾਧਾ ਪੀਤਾ ਵੀ ਨਹੀਂ ਸੀ। ਲਾਈਬਾਤੇ ਰਿਸ਼ੈਲ ਤੇ ਸੰਗ ਅਤੇ ਫ਼ਿਕਰ ਨਾਲ ਕੁੱਝ ਬੋਲ ਨਹੀਂ ਰਹੀਆਂ ਸਨ ਪਰ ਰੂਬੀਨਾ ਕਈ ਵਾਰ ਭੁੱਖ ਭੁੱਖ ਕਰ ਰਹੀ ਸੀ।

ਮੈਂ ਭਲੀ ਜਿਹੀ ਲੱਗਣ ਵਾ.ਲੀ ਦੂਸਰੀ ਆਫੀਸਰ ਨੂੰ ਬੇਨਤੀ ਕੀਤੀ ਕਿ ਬੱਚਿਆਂ ਨੂੰ ਭੁੱਖ ਲੱਗੀ ਹੋਈ ਹੈ ਤਾਂ ਉਸ ਨੇ ਕਿਹਾ, ਦਿਅਰ ਫਾਦਰ ਔਰ ਗਾਰਡੀਅਨ ਹੈਵ ਟੂ ਮੇਕ ਸਮ ਏਰੈਂਜਮੈਂਟਸ। ਤਾਂ ਮੈਨੂੰ ਪਤਾ ਲੱਗਾ ਕਿ ਉਹ ਐਰਾਈਵਲ ਲਾਬੀ ਵਿੱਚ ਪਿਛਲੇ ਦੋ ਤਿੰਨ ਘੰਟਿਆਂ ਵਿੱਚ ਤਿੰਨ ਵਾਰੀ ਉਹਨਾਂ ਬੱਚਿਆਂ ਦੇ ਗਾਰਡੀਅਨ ਲਈ ਅਨਾਉਸਮੈਂਟ ਕਰ ਰਹੇ ਸਨ ਕਿ ਉਹ ਰਿਪੋਰਟ ਕਰਨ ਪਰ ਕੋਈ ਪੇਸ਼ ਨਹੀਂ ਸੀ ਹੋ ਰਿਹਾ। ਸ਼ਾਇਦ ਉਹਨਾਂ ਨੂੰ ਪਤਾ ਨਹੀਂ ਲੱਗਿਆ ਸੀ ਜਾਂ ਉਹ ਕੁਛ ਬੰਦੋਬਸਤ ਕਰ ਰਹੇ ਸਨ।

ਹੁਣ ਫਿਕਰ ਦੀ ਵਾਰੀ ਮੇਰੀ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਕਰਾਂ। ਮੈਂ ਆਪਣੇ ਪੇਜਰ ਰੇਡੀਓ ਤੇ ਤਿੰਨ ਚਾਰ ਵਾਰ ਆਪਣੀ ਸ਼ਿਫਟ ਖ਼ਤਮ ਹੋਣ ਬਾਰੇ ਕਹਿ ਰਹੀ ਸੀ ਤੇ ਮੇਰਾ ਸੁਪਰਵਾਈਜ਼ਰ ਮੈਨੂੰ ਕੁਛ ਦੇਰ ਹੋਰ ਵੇਟ ਕਰਨ ਲਈ ਕਹਿ ਰਿਹਾ ਸੀ।

ਹੁਣ ਮੈਨੂੰ ਕਹਾਣੀ ਦਾ ਕੁਛ ਕੁਛ ਪਤਾ ਲੱਗ ਰਿਹਾ ਸੀ। ਇਹਨਾਂ ਬੱਚੀਆਂ ਦੇ ਮਾਪੇ ਇਥੇ ਨਾਜਾਇਜ਼ ਤੌਰ ਤੇ ਰਹਿ ਰਹੇ ਸਨ ਤੇ ਹੁਣ ਉਹਨਾਂ ਆਪਣੇ ਬੱਚਿਆਂ ਨੂੰ ਵੀ ਵਿਜ਼ਟਰ ਵੀਜ਼ੇ ਤੇ ਬੁਲਾ ਲਿਆ ਸੀ, ਕਿਸੇ ਹੋਰ ਕਰੀਬੀ ਰਿਸ਼ਤੇਦਾਰੀ ਵੱਲੋਂ। ਪਰ ਰੂਬੀਨਾ ਤੇ ਲਾਈਬਾ ਨਾਲ ਗੱਲਬਾਤ ਕਰਦਿਆਂ ਉਹਨਾਂ ਨੂੰ ਕੋਈ ਸ਼ੱਕ ਪੈ ਗਿਆ ਤੇ ਡੂੰਘੀ ਪੁਛ ਪੜਤਾਲ ਬਾਦ ਉਹ ਜਾਣ ਗਏ ਸਨ ਕਿ ਇਹਨਾਂ ਬੱਚੀਆਂ ਦੇ ਮਾਪੇ ਵੀ ਇਥੇ ਹਨ। ਪਿਛਲੇ ਕੁੱਝ ਸਮੇਂ ਤੋਂ ਉਹਨਾਂ ਦਾ ਰਿਕਾਰਡ ਚੈੱਕ ਕੀਤਾ ਜਾ ਰਿਹਾ ਸੀ।

ਉਹ ਮੈਂ ਘੜੀ ਵਲ ਵੇਖਿਆ। ਪੰਜ ਵੱਜ ਚੁੱਕੇ ਸਨ। ਮੇਰੀ ਸ਼ਿਫਟ ਖਤਮ ਹੋ ਚੁੱਕੀ ਸੀ। ਮੈਂ ਫਿਰ ਸੁਪਰਵਾਈਜ਼ਰ ਨੂੰ ਪੇਜ ਕੀਤਾ ਕਿ ਮੇਰੀ ਜਗਾਹ ਕਿਸੇ ਹੋਰ ਇੰਪਲਾਈ ਨੂੰ ਭੇਜਿਆ ਜਾਵੇ। ਪਰ ਉਧਰੋਂ ਫਿਰ ਇਕ ਨਰਮ ਆਵਾਜ਼ ਸੁਣਾਈ ਦਿੱਤੀ। "ਜੈਕੀ, ਕੈਨ ਯੂ ਡੂ ਏ ਫੇਵਰ ਫਾਰ ਮੀ ਪਲੀਜ਼"
ਮੇਰੇ ਕਾਪੀਕਹਿਣ ਤੇ ਅਗਲਾ ਮੈਸੇਜ ਫਿਰ ਵੱਜਿਆ।

'ਕੈਨ ਯੂ ਸਟੇਅ ਫਾਰ ਸਮ ਓਵਰਟਾਈਮ ਟੂਡੇ' ਮੈਂ ਰੇਡੀਓ ਤੇ ਸੁਣੇ ਇਸ ਆਰਡਰ ਤੇ ਕਾਪੀ ਕਹਿਣ ਤੋਂ ਇਲਾਵਾ ਕੁੱਝ ਨਹੀਂ ਕਰ ਸਕੀ। ਭਾਵੇਂ ਨੈਗੇਟਿਵ ਕਹਿ ਕੇ ਮੈਂ ਆਪਣੀ ਨਾਮੰਜੂਰੀ ਦਿਖਾ ਸਕਦੀ ਸੀ ਪਰ ਮੈਨੂੰ ਇਹਨਾਂ ਬੱਚੀਆਂ ਨਾਲ ਮੋਹ ਜਿਹਾ ਹੋ ਗਿਆ ਸੀ ਤੇ ਮੈਂ ਇਨ੍ਹਾਂ ਨੂੰ ਇੰਝ ਛੱਡ ਕੇ ਨਹੀਂ ਜਾ ਸਕਦੀ ਸੀ। ਬੱਚਿਆਂ ਨੂੰ ਪਾਣੀ ਤੇ ਜੂਸ ਵਗੈਰਾ ਦੇ ਦਿੱਤਾ ਗਿਆ ਸੀ। ਬਚਿਆਂ ਨੂੰ ਟਿਮ ਹਾਰਟਿਨ ਲੈ ਕੇ ਜਾਣ ਦੀ ਪਰਮਿਸ਼ਨ ਵੀ ਦੇ ਦਿੱਤੀ ਗਈ ਸੀ। ਉਹਨਾਂ ਮੈਨੂੰ ਅੰਦਰ ਬੁਲਾ ਕੇ ਵੀਹ ਡਾਲਰ ਦੇ ਕੂਪਨ ਦਿੱਤੇ ਅਤੇ ਕਿਹਾ ਕਿ ਮੈਂ ਉਹਨਾਂ ਨੂੰ ਏਅਰਪੋਰਟ ਦੇ ਅੰਦਰਲੇ ਪਾਸੇ ਦੇ ਟਿਮਹਾਰਟਿਨ ਲੈ ਜਾਵਾਂ ਤੇ ਉਹਨਾਂ ਦੀ ਪਸੰਦ ਦੀਆਂ ਚੀਜ਼ਾਂ ਲੈ ਕੇ ਇਥੇ ਹੀ ਵਾਪਿਸ ਆ ਜਾਵਾਂ।

ਰੂਬੀਨਾ ਨੇ ਆਈਸ ਕੈਪ, ਰਿਸ਼ੈਲ ਨੇ ਜੂਸ ਅਤੇ ਲਾਈਬਾ ਨੇ ਹਾਟ ਚਾਕਲੇਟ ਲੈਣਾ ਪਸੰਦ ਕੀਤਾ ਤੇ ਅਸੀਂ ਫਿਰ ਤੋਂ ਆਫੀਸ ਦੇ ਹਾਲ ਵਿੱਚ ਬਣੇ ਬੈਂਚਾਂ ਤੇ ਬੈਠ ਗਏ। ਹੁਣ ਤਕ ਸਥਿਤੀ ਕਾਫ਼ੀਸਾਫ਼ ਹੋ ਗਈ ਸੀ। ਬੱਚਿਆਂ ਖ਼ਾਤਿਰ ਉਹਨਾਂ ਦੇ ਮਾਤਾ ਪਿਤਾ ਨੂੰ ਇਮੀਗਰੇਸ਼ਨ ਸਾਹਮਣੇ ਪੇਸ਼ ਹੋਣਾ ਪੈਣਾ ਸੀ। ਬੱਚੀਆਂ ਨੂੰ ਲੈਣ ਆਏ ਉਹਨਾਂ ਦੇ ਭੂਆ ਤੇ ਫੁੱਫੜ ਰਾਹੀਂ ਉਹਨਾਂ ਤਕ ਪਹੁੰਚ ਕਰ ਲਈ ਗਈ।

ਹੁਣ ਉਹਨਾਂ ਦੇ ਮਾਤਾ ਪਿਤਾ ਜੋ ਤਿੰਨ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ ਤੇ ਆਪਣਾ ਛੋਟਾ ਮੋਟਾ ਕਾਰੋਬਾਰ ਵੀ ਸਥਾਪਿਤ ਕਰ ਚੁੱਕੇ ਸਨ, ਆਪਣੇ ਮੂਲ ਦੇਸ਼ ਬੈਲਜਿਅਮ ਭੇਜਣ ਦੀ ਤਿਆਰੀ ਹੋ ਰਹੀ ਸੀ। ਉਹਨਾਂ ਨੂੰ ਡੀਪੋਰਟ ਕੀਤਾ ਜਾ ਰਿਹਾ ਸੀ। ਇਹ ਮਾਪੇ ਪਿਛਲੇ ਕੁੱਝ ਸਮੇਂ ਤੋਂ ਨਾਜਾਇਜ਼ ਤੌਰ ਤੇ ਕਨੇਡਾ ਰਹਿ ਰਹੇ ਸਨ ਤੇ ਆਪਣਾ ਕੰਮ ਧੰਧਾ ਜਮਾਉਣ ਬਾਅਦ ਹੁਣ ਆਪਣੇ ਬੱਚਿਆਂ ਨੂੰ ਵੀ ਸੱਦ ਲਿਆ ਸੀ ਜੋ ਪਿੱਛੇ ਦਾਦਾ ਦਾਦੀ ਕੋਲ ਛੱਡ ਕੇ ਆਏ ਸਨ। ਪਰ ਪਾਸਾ ਹੁਣ ਪੁੱਠਾ ਪੈ ਗਿਆ ਸੀ। ਕਈ ਸਾਲਾਂ ਬਾਅਦ ਇਹ ਮੁਲਾਕਾਤ ਇੰਜ ਇਮੀਗਰੇਸ਼ਨ ਹਾਲ ਵਿੱਚ ਹੋਣੀ ਸੀ। ਬੱਚਿਆਂ ਦੇ ਚਿਹਰੇ ਵੀ ਉੱਤਰ ਗਏ ਸਨ। ਮਾਸੂਮ ਬੱਚੀਆਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਇਹ ਕੀ ਹੋ ਰਿਹਾ ਹੈ ਬੱਚੀਆਂ ਤਾਂ ਸੱਤਰੰਗੀ ਸੁਪਨੇ ਸਜਾ ਕੇ ਮਾਂ ਪਿਉ ਨੂੰ ਮਿਲਣ ਆਈਆਂ ਸਨ।

ਮਾਂਪਿਆ ਦੇ ਬੁਝੇ ਚਿਹਰੇ ਤੇ ਨੀਵੇਂ ਕੀਤੇ ਸਿਰਾਂ ਤੇ ਮੈਨੂੰ ਕੋਈ ਮਿਲਾਪ ਦੀ ਖੁਸ਼ੀ ਨਹੀਂ ਦਿਖਾਈ ਦਿੱਤੀ। ਸਭ ਇਕ ਦੂਸਰੇ ਨੂੰ ਚੋਰਾਂ ਵਾਂਗ ਦੇਖ ਰਹੇ ਸਨ।

ਰੂਬੀਨਾ ਆਪਣੀ ਮਾਂ ਦੇ ਬੁੱਝੇ ਹੋਏ ਚਿਹਰੇ, ਪਿਤਾ ਦੇ ਉਦਾਸ ਤੇ ਬੁੱਝੇ ਚਿਹਰੇ ਵਲ ਹੈਰਾਨੀ ਨਾ.ਲ ਦੇਖ ਰਹੀ ਸੀ। ਮੈਨੂੰ ਤਰਸ ਆ ਰਿਹਾ ਸੀ ਕਿ ਉਹ ਆਪਣੇ ਸਾਹਮਣੇ ਆਪਣੀਆਂ ਲਾਡਲੀਆਂ ਨੂੰ ਦੇਖ ਕੇ ਵੀ ਖੁਸ਼ ਨਹੀਂ ਹੋ ਰਹੇ ਸਨ। ਇਕਇਕ ਐਂਟਰੀ ਲੈ ਉਹ ਵੀ ਬੱਚੀਆਂ ਦੇ ਨਾ.ਲ ਹੀ ਬੈਂਚ ਤੇ ਆ ਕੇ ਬੈਠ ਗਏ ਸਨ। ਰਿਸ਼ੈਲ ਤੇ ਲਾਈਬਾ ਦੇ ਚਿਹਰੇ ਵੀ ਮੁਰਝਾ ਗਏ ਸਨ। ਰੂਬੀਨਾ ਤੇ ਸ਼ਾਇਦ ਕੁੱਝ ਸਮਝ ਹੀ ਨਹੀਂ ਸਕਦੀ ਸੀ ਬਸ ਇਹੀ ਪੁੱਛ ਰਹੀ ਸੀ ਕਿ ਆਪਾਂ ਘਰ ਕਦੋਂ ਜਾ ਰਹੇ ਹਾਂ ਤੇ ਮੈਂ ਸੋਚ ਰਹੀ ਸਾਂ ਕਿ ਉਹ ਕਿਹੜੇ ਘਰ ਜਾਣਗੇ ਹੁਣ। ਮੈਂ ਸੁਭ ਕੁੱਝ ਸਮਝਦੀ ਹੋਈ ਵੀ ਅਨਜਾਣ ਬਣਨ ਦਾ ਨਾਟਕ ਕਰ ਰਹੀ ਸਾਂ। ਭਰੇ ਮਨ ਨਾਲ 8 ਘੰਟਿਆਂ ਮਗਰੋਂ ਪੂਰੇ ਪਰਿਵਾਰ ਨੂੰ ਇਮੀਗਰੇਸ਼ਨ ਦੀ ਹਿਰਾਸਤ ਵਿੱਚ ਛੱਡ, ਥੱਕੇ ਥੱਕੇ ਕਦਮਾਂ ਨਾਲ ਮੈਂ ਬਾਹਰ ਨੂੰ ਜਾ ਰਹੀ ਸਾਂ। ਹਰ ਵੇਲੇ ਕਾਹ.ਲੀ ਨਾ.ਲ ਉੱਠਦੇ ਮੇਰੇ ਪੈਰ ਅੱਜ ਮਣ ਮਣ ਭਾਰੀ ਹੋ ਗਏ ਸਨ। ਇਕ ਇਕ ਪੈਰ ਜ਼ੋਰ ਲਗਾ ਕੇ ਪੁੱਟਣਾ ਪੈ ਰਿਹਾ ਸੀ।

# ਪਾਲੀਵੁੱਡ ਹਲਚਲ



### ਵਿਕਟਰ ਯੋਗਰਾਜ ਸਿੰਘ

ਇਕ ਸਿਪ੍ਰਸਰ ਕਿੰਗ ਯੁਵਰਾਜ ਸਿੰਘ (ਕ੍ਰਿਕਟ ਹੀਰੋ) ਤੇ ਆਪ ਮਹਾਨ ਅਭਿਨੇਤਾ ਯੋਗਰਾਜ ਸਿੰਘ ਤੇ ਹੁਣ ਦੂਜਾ ਬੇਟਾ ਵਿਕਟਰ ਯੋਗਰਾਜ ਸਿੰਘ ਆ ਰਿਹੈ ਫਿਲਮੀ ਪਰਦੇ 'ਤੇ ਲਿਆ ਰਿਹਾ ਹੈ ਅਦਿਤਯ ਸੂਦ ਤੇ ਫਿਲਮ ਹੈ 'ਤੇਰੀ ਮੇਰੀ ਜੋੜੀ' ਜਿਸ ਵਿਚ ਕਰਮ ਕੌਰ, ਯੋਗਰਾਜ ਸਿੰਘ, ਵਿਜੈ ਟੇਰਨ ਤੇ ਸਿੱਧੂ ਮੂਸੇਵਾਲ ਹਨ। ਦਿੱਖ ਤੇ ਸੋਚ ਗਵਾਹੀ ਦੇ ਰਹੀ ਹੈ ਕਿ ਹਿੱਟ ਰਹੇਗਾ ਵਿਕਟਰ ਯੋਗਰਾਜ ਸਿੰਘ।

### ਰਿਪੋਰਟ

'ਚੱਲ ਮੇਰਾ ਪੁੱਤ' ਵਧੀਆ ਗਈ, 'ਸਿੰਘਮ' ਆ ਗਈ। 'ਜਿੱਦੀ ਸਰਦਾਰ' ਵੀ ਆ ਗਈ ਤੇ 'ਦੂਰਬੀਨ' ਤਿਆਰ ਹੈ। ਫਿਲਮੀ ਪ੍ਰਸਾਰਣ ਲਈ ਹੁਣ ਪੀ. ਟੀ. ਸੀ. ਗੌਰਵ ਵੀ ਆ ਗਿਆ। ਪਾਲੀਵੁੱਡ ਹੁਣ ਵਪਾਰਕ ਬਣਦੀ ਜਾ ਰਹੀ ਹੈ ਪਰ ਲਾਗਤ ਜ਼ਿਆਦਾ, ਆਮਦਨ ਘੱਟ। ਖੈਰ ਦੇਖੀ ਚੱਲੋ।

### ਸੰਦੀਪ ਤੇ ਜਸ਼ਨ

ਇੱਧਰ ਪਾਲੀਵੁੱਡ 'ਚ ਨਵੀਂ ਜੋੜੀ ਆ ਰਹੀ ਹੈ। ਹੀਰੋ ਹੈ ਸੰਦੀਪ ਸਿੰਘ ਜੋ ਆਸਟ੍ਰੇਲੀਆ ਤੋਂ ਹੈ। 'ਮਜਾਜਣ', 'ਕਫ਼ੌਣ ਕਿਸੇ ਦਾ ਬੇਲੀ' ਦਾ ਤਜਰਬਾ ਲਿਆ ਤੇ ਹੁਣ ਆਸਟ੍ਰੇਲੀਆ 'ਚ ਸ਼ਾਰਟ ਫਿਲਮਾਂ ਕਰਦਾ ਹੈ। ਵਿਨੀਤ ਅਟਵਾਲ ਉਸ ਦੀ ਜੋੜੀ 'ਚੰਨ ਤਾਰਾ' ਵਾਲੀ ਜਸ਼ਨ ਅਗਨੀਹੋਤਰੀ ਨਾਲ ਬਣਾ ਰਿਹਾ ਹੈ। ਇਸ ਪਿਆਰੀ ਜੋੜੀ ਤੋਂ ਦਰਸ਼ਕ ਕਾਫੀ ਆਸਾਂ ਰੱਖ ਸਕਦੇ ਹਨ। ਜੋੜੀ ਹਿੱਟ ਤਾਂ ਫਿਲਮਾਂ ਹੀ ਫਿਲਮਾਂ।

### ਟਰੈਂਡ

ਗਾਣੇ ਚਾਹੇ ਗੁੰਡਾਗਰਦੀ, ਅਰਧ ਨਗਨ ਚੱਲ ਰਹੇ ਨੇ ਪਰ ਫਿਲਮਾਂ ਵਿਚ ਵਿਰਸੇ ਅਤੇ ਕਲਚਰ ਦਾ ਟਰੈਂਡ ਹਿੱਟ ਹੈ। 'ਅੰਗਰੇਜ਼' ਤੋਂ ਲੈ ਕੇ 'ਨਾਢੂ ਖਾਂ' ਤੱਕ ਤੇ 'ਅਰਦਾਸ ਕਰਾਂ' ਤੱਕ ਗਵਾਹ ਹੈ ਕਿ ਲੋਕ ਪੁਰਾਣੇ ਵਿਰਸੇ ਦੇ ਮੁਰੀਦ ਹਨ। ਐਕਸ਼ਨ ਤੇ ਨਗਨਤਾ ਤੋਂ ਪਰ੍ਹਾਂ ਹਟ ਫਿਲਮਾਂ ਚੰਗੀਆਂ ਹਨ। 'ਹਰਜੀਤਾ' ਨੂੰ ਰਾਸ਼ਟਰੀ ਐਵਾਰਡ ਮੁਬਾਰਕ।



### ਗੁਰਨਿੰਦਰ ਬੱਲ

'ਨਸੀਹਤ' ਤਫਤੀਸ਼' ਸੀਰੀਅਲ ਕਈ ਫਿਲਮਾਂ ਕਰ ਚੁੱਕੇ ਗੁਰ-ਨਿੰਦਰ ਬੱਲ ਦਾ ਪ੍ਰਵਾਸ ਹੈ ਹੁਣ ਕੈਨੇਡਾ ਤੋਂ 'ਪੰਜਾਬ ਦੇ ਸ਼ੌਕੀਨ ਗੱਭਰੂ' ਦਾ 'ਬੱਲੂ' ਸਹਿਯੋਗੀ ਅਭਿਨੇਤਾ ਹੈ। 'ਪੰਜਾਬ ਬਨਾਮ ਵਿਦੇਸ਼' ਦਾ ਲੇਖਕ ਗੁਰਨਿੰਦਰ ਬੱਲੂ ਆ ਰਹੇ ਸਮੇਂ ਵਿਚ ਪਾਲੀਵੁੱਡ ਨਾਲ ਜੁੜੇਗਾ।

### ਰਿਟਰਨ ਆਫ ਜੱਟ ਜਿਊਣਾ ਮੌੜ

'ਪੁੱਤ ਜੱਟਾਂ ਦੇ' ਦਾ ਨਿਆਰਾ ਇਕਬਾਲ ਸਿੰਘ ਢਿੱਲੋਂ ਅਨੇਕਾਂ ਹਿੱਟ ਫਿਲਮਾਂ ਤੋਂ ਬਾਅਦ ਹੁਣ ਆਪਣੀ ਸੁਪਰ ਫਿਲਮ 'ਜੱਟ ਜਿਊਣਾ ਮੌੜ' ਦਾ ਸੀਕੁਅਲ ਬਣਾ ਰਿਹਾ ਹੈ। ਫਿਲਮ ਦਾ ਨਾਂ 'ਰਿਟਰਨ ਆਫ ਜੱਟ ਜਿਊਣਾ ਮੌੜ' ਹੈ। ਤੇ ਇਸਦਾ ਬਕਾਇਦਾ ਐਲਾਨ ਹੋਇਆ ਹੈ। ਕਲਾਕਾਰਾਂ ਦੀ ਚੋਣ ਤੇ ਸੰਗੀਤ ਰਿਕਾਰਡ ਜਲਦੀ ਹੀ ਇਹ ਕੰਮ ਹੋਣਗੇ। ਇਕਬਾਲ ਤੋਂ ਇਕ ਹੋਰ ਕਾਮਯਾਬ ਫਿਲਮ ਦੀ ਆਸ ਹੈ।

### ਯਾਦ ਕਰੋ

ਸਵਰਗੀ ਸਰਦੂਲ ਅਟਵਾਲ ਨੂੰ 'ਵਿਸਾਖੀ, ਪੁਰਜਾ ਪੁਰਜਾ ਕਟ ਮਰੈ' ਬਣਾਈਆਂ। ਗੁੱਗੂ ਗਿੱਲ ਦਾ ਹਸਮੁਖ ਭਰਾ ਰੁਪਿੰਦਰ ਗਿੱਲ ਜੋ ਅਨੇਕਾਂ ਫਿਲਮਾਂ ਦਾ ਨਿਰਮਾਤਾ ਸੀ, ਵੀ. ਸੂਰੀ ਜਿਸਨੂੰ ਜੇਲ੍ਹ ਯਾਤਰਾ ਕਰਨੀ ਪਈ। ਮਲਵਿੰਦਰ ਖਹਿਰਾ ਜੋ ਸਥਾਪਤ ਹੁੰਦਾ ਦੁਨੀਆਂ ਤੇ ਨਹੀਂ ਰਿਹਾ।

### ਨਿਸ਼ਾ ਬਾਨੋ

ਵੈਸੇ ਤਾਂ ਨਿਸ਼ਾ ਸਟਾਰ ਹੈ ਪਰ 'ਪੰਜਾਬ ਦੇ ਸ਼ੌਕੀਨ ਗੱਭਰੂ' ਦਾ ਕਿਰਦਾਰ ਉਸ ਲਈ ਅਭੁੱਲ ਹੋਵੇਗਾ। ਇਕ ਤਰ੍ਹਾਂ ਨਾਲ ਨਿਸ਼ਾ ਬਾਨੋ ਇਸ ਫਿਲਮ ਦੀ ਸਹਿ ਨਾਇਕਾ ਹੈ। ਕਰਮਜੀਤ ਅਨਮੋਲ ਨਾਲ ਉਸ ਤੇ ਇਕ ਗਾਣਾ ਵੀ ਹੈ। ਨਿਸ਼ਾ ਬਾਨੋ ਦਾ ਕੈਰੀਅਰ ਇਸ ਸਮੇਂ ਚੋਟੀ 'ਤੇ ਹੈ। ਉਹ ਸੁਰੀਲੀ ਗਾਇਕਾ ਵੀ ਹੈ। ਜੱਗਾ ਜਗਰਾਵਾਂ ਜੋਗਾ ਫਿਲਮ ਨਾਲ ਦਰਸ਼ਕਾਂ ਤੱਕ ਪਹੁੰਚ ਹੋਵੇਗੀ। ਇਸ ਫਿਲਮ 'ਚ ਉਹਨਾਂ ਨੇ ਹੀਰੋ ਮਸ਼ਹੂਰ ਗਾਇਕ ਕੁਲਧੀਰ ਝਿੰਜਰ ਨੂੰ ਲਿਆ ਹੈ। ਫਿਲਮ ਇਸ ਮਹੀਨੇ ਸ਼ਾਨ ਨਾਲ ਆਵੇਗੀ। ਰਾਜਨ ਬੱਤਰਾ ਇਸ ਸਮੇਂ ਖੂਬ ਸਰਗਰਮ ਹਨ।



### ਦੁਆ

ਰਾਬਟਰੀ ਐਵਾਰਡ ਦੀ ਤਰ੍ਹਾਂ ਪੰਜਾਬੀ ਫਿਲਮਾਂ (ਕਾਂਸ ਫਿਲਮੀ ਮੇਲੇ) 'ਚ ਵੀ ਜਾਣਾ ਪੰਜਾਬ ਸਰਕਾਰ ਇਹਨਾ ਲਈ ਕੋਈ ਚੰਗੀ ਨੀਤੀ ਤਿਆਰ ਕਰੇ। ਡੀ. ਡੀ. ਪੰਜਾਬੀ ਤੋਂ ਪੰਜਾਬੀ ਫਿਲਮਾਂ ਪਹਿਲਾਂ ਵਾਂਗ ਫਿਰ ਰੋਜ਼ਾਨਾ ਪ੍ਰਸਾਰਣ ਹੋਵੇ।

–ਅੰਮ੍ਰਿਤ ਪਵਾਰ

# ਬੱਬਰ ਅਕਾਲੀਆਂ ਨੇ ਇੱਕੋ ਸਮੇਂ ਬਣਾਈ ਸੀ, ਬੀ ਟੀ ਅਤੇ ਉਡਵਾਇਰ ਨੂੰ ਕਤਲ਼ ਕਰਨ ਦੀ ਯੋਜਨਾ



ਗੁਰਲਾਲ ਸਿੰਘ ਬਰਾੜ
91-94635-18172

ਬਰਤਾਨਵੀ ਰਾਜ ਦੇ ਖ਼ਿਲਾਫ਼ ਦੁਆਬੇ 'ਚੋਂ ਸ਼ੁਰੂ ਹੋਣ ਵਾਲ਼ੀ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਮਾਲਵੇ ਦੇ ਬੱਬਰ ਅਕਾਲੀਆਂ ਬਿਨਾ ਅਧੂਰਾ ਹੈ। ਮਾਲਵੇ ਨੇ ਇਸ ਲਹਿਰ ਨੂੰ ਕਰਤਾਰ ਸਿੰਘ ਜਸਪਾਲੋਂ, ਕਰਤਾਰ ਸਿੰਘ ਸੇਖਾ, ਵਜੀਰ ਸਿੰਘ ਅਸਰਪੁਰ, ਨਿਰੰਜਣ ਸਿੰਘ ਸੋਲਖੀਆਂ, ਬਾਬਾ ਬੁੱਧ ਸਿੰਘ ਨੰਗਲ ਅਤੇ ਮਾਨ ਸਿੰਘ ਬੜੀਟਿੱਬਾ ਆਦਿ ਮੁਢਲੇ ਮੈਂਬਰ ਦਿੱਤੇ। ਇਹਨਾਂ ਤੋਂ ਮਗ਼ਰਲੀ ਕਤਾਰ ਦੇ ਬੱਬਰ ਅਕਾਲੀਆਂ ਵਿੱਚ ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਫ਼ਜ਼ਲਾ ਘੁੰਮਣਵਾ਼ਲਾ, ਸੰਤਾ ਸਿੰਘ ਬੜੀਟਿੱਬਾ, ਘੁੰਮਣ ਸਿੰਘ ਮਿਸਤਰੀ, ਸਾਵਣ ਸਿੰਘ ਟਿੱਬਾ, ਕੁੰਢਾ ਸਿੰਘ ਗਾਜੀਆਣਾ, ਕਾਕਾ ਸਿੰਘ ਚੱਠਾ ਸੇਖਵਾਂ, ਬਚਨ ਸਿੰਘ ਲੋਹਾਖੇੜਾ ਅਤੇ ਊਧਮ ਸਿੰਘ ਸੁਨਾਮ ਆਦਿ ਸ਼ਾਮਿਲ ਸਨ।

ਦੋਆਬੇ ਵਾਂਗ ਮਾਲਵੇ ਵਿੱਚ ਬੱਬਰ ਅਕਾਲੀ ਲਹਿਰ ਦਾ ਪਾਸਾਰ ਬਹੁਤਾ ਨਹੀਂ ਹੋ ਸਕਿਆ ਪਰ ਮਾਲਵੇ ਦੇ ਬੱਬਰ ਅਕਾਲੀਆਂ ਨੇ ਦੋ ਅਜਿਹੇ ਕਾਰਨਾਮੇ ਕੀਤੇ, ਜਿੰਨ੍ਹਾਂ ਸਦਕਾ ਉਹ ਇਤਿਹਾਸ ਵਿੱਚ ਅਮਰ ਹੋ ਗਏ। ਮਾਲਵੇ ਦੇ ਬੱਬਰ ਅਕਾਲੀਆਂ ਨੇ ਪੰਜਾਬ ਦੀ ਅਣਖ ਨੂੰ ਵੰਗਾਰਨ ਵਾ਼ਲੇ ਦੋ ਪ੍ਰਮੁੱਖ ਅੰਗਰੇਜ਼ ਅਫ਼ਸਰਾਂ ਨੂੰ ਸੋਧਣ ਦਾ ਗੁਰਮਤਾ ਪਾਸ ਕੀਤਾ। ਇਹਨਾਂ ਵਿੱਚ ਪਹਿਲਾ ਜ਼ਾਲਮ ਅੰਗਰੇਜ਼ ਸੀ - ਸਰ ਮਾਈਕਲ ਉਡਵਾਇਰ, ਜੋ ਜ਼ਲ੍ਹਿਆਂ ਵਾ਼ਲੇ ਬਾਗ਼ ਦੇ ਹੱਤਿਆ-ਕਾਂਡ ਸਮੇਂ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਸੀ ਅਤੇ ਉਸਦੇ ਹੁਕਮ 'ਤੇ ਹੀ ਬ੍ਰਿਗੇਡੀਅਰ ਜਨਰਲ ਡਾਇਰ ਨੇ ਇਹ ਵਹਿਸ਼ੀ ਕਾਰਾ ਕੀਤਾ ਸੀ। ਦੂਜਾ ਜ਼ਾਲਮ ਅੰਗਰੇਜ਼ ਅਫ਼ਸਰ ਸੀ- ਐੱਸ. ਜੀ. ਐੱਮ.ਬੀ ਟੀ। 1922 ਵਿੱਚ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਮਿਸਟਰ ਬੀਟੀ ਅੰਮ੍ਰਿਤਸਰ ਦਾ ਐਡੀਸ਼ਨਲ ਪੁਲਿਸ ਸੁਪਰਡੈਂਟ ਸੀ। ਉਸਨੇ ਮੋਰਚੇ ਵਿੱਚ ਗ੍ਰਿਫ਼ਤਾਰ ਹੋਣ ਵਾ਼ਲੇ ਨਿਹੱਥੇ ਅਤੇ ਸ਼ਾਂਤਮਈ ਅਕਾਲੀਆਂ 'ਤੇ ਅੰਨ੍ਹੇਵਾਹ ਡਾਂਗ ਵਾਹੀ ਸੀ ਅਤੇ ਬੈਠ ਕੇ ਜਾਪ ਕਰ ਰਹੇ ਸਿੱਖਾਂ ਉੱਤੇ ਘੋੜੇ ਚੜ੍ਹਾਏ ਸਨ। ਮਿਸਟਰ ਬੀਟੀ ਦੀ ਅਗਵਾਈ ਵਿੱਚ ਪੁਲਿਸ ਦੁਆਰਾ ਅਕਾਲੀ ਸਿੰਘਾਂ ਨੂੰ ਬੇਹੋਸ਼ ਹੋਣ ਤੱਕ ਬੜੇ ਵਹਿਸ਼ੀ ਢੰਗ ਨਾ਼ਲ ਡਾਂਗਾਂ ਨਾ਼ਲ ਕੁੱਟਿਆ ਜਾਂਦਾ ਸੀ ਅਤੇ ਉਹਨਾਂ ਦੇ ਕੇਸਾਂ ਦੀ ਬੇਅਦਬੀ ਕੀਤੀ ਜਾਂਦੀ ਸੀ। ਪੁਲਿਸ ਦੇ ਅਜਿਹੇ ਜ਼ੁਲਮਾਂ ਨੂੰ ਵੇਖ ਕੇ ਪਾਦਰੀ ਸੀ. ਐੱਫ਼. ਐਂਡਰੀਊਜ਼ ਵਰਗੇ ਅੰ-ਗਰੇਜ਼ ਵੀ ਰੋ ਪਏ ਸਨ ਅਤੇ ਇਸ ਅੱਤਿਆਚਾਰ ਦੀ ਆਲਮੀ ਪੱਧਰ 'ਤੇ ਨਿੰਦਾ ਹੋਈ ਸੀ। ਇਸ ਤਰ੍ਹਾਂ ਇਹ ਦੋਵੇਂ ਅੰਗਰੇਜ਼ ਅਫ਼ਸਰ ਪੰਜਾਬ ਦੇ ਕੌਮੀ ਅਪਮਾਨ ਦੇ ਜ਼ਿੰਮੇਵਾਰ ਸਨ। ਇਸ ਮੀਟਿੰਗ ਵਿੱਚ ਸ. ਊਧਮ ਸਿੰਘ ਸੁਨਾਮ ਦੀ ਜ਼ਿੰਮੇਵਾਰੀ ਇੰਗਲੈਂਡ ਜਾ ਕੇ ਮਾਈਕਲ ਉਡਵਾਇਰ ਨੂੰ ਮਾਰਨ ਦੀ ਲਗਾਈ ਗਈ ਅਤੇ ਕਰਤਾਰ ਸਿੰਘ ਛੀਨੀਵਾਲ, ਫ਼ਜ਼ਲਾ ਘੁੰਮਣਵਾ਼ਲਾ ਅਤੇ ਭੋਲਾ ਸਿੰਘ ਲੋਹਾਖੇੜਾ ਨੂੰ ਬੀਟੀ ਨੂੰ ਕਤ਼ਲ ਕਰਨ ਦਾ ਜ਼ਿੰਮਾ ਸੌਂਪਿਆ ਗਿਆ। ਸ. ਊਧਮ ਸਿੰਘ ਆਪਣੇ ਮਿਸ਼ਨ ਦੀ ਪੂਰਤੀ ਲਈ 1924 ਵਿੱਚ ਅਮਰੀਕਾ ਚਲਿਆ ਗਿਆ ਪਰ ਜਲਦੀ ਹੀ ਭਾਰਤ ਵਾਪਸ ਆ ਗਿਆ ਅਤੇ 30 ਅਗਸਤ 1927 ਨੂੰ ਪੁਲਿਸ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਉਸ ਕੋ਼ਲੋਂ ਤਿੰਨ ਪਿਸਤੌਲ ਅਤੇ 400 ਕਾਰਤੂਸ ਫੜ੍ਹੇ ਗਏ ਅਤੇ ਇਸ ਜ਼ੁਰਮ ਵਿੱਚ ਉਸਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ। 1932 ਵਿੱਚ ਉਹ ਰਿਹਾ ਹੋ ਗਿਆ ਅਤੇ ਬੱਬਰ ਅਕਾਲੀ ਲਹਿਰ ਦੇ ਨਵੇਂ ਰੂਪ 'ਯੁੱਗ ਪ਼ਲਟਾਊ ਦਲ' ਵਿੱਚ ਸ਼ਾਮਲ ਹੋ ਗਿਆ ਕਿਉਂਕਿ ਉਸ ਸਮੇਂ ਤੱਕ ਦੁਆਬੇ ਦੀ ਬੱਬਰ ਅਕਾਲੀ ਲਹਿਰ ਲਗਭਗ ਦਮ ਤੋੜ ਚੁੱਕੀ ਸੀ। 17 ਮਈ 1932 ਨੂੰ ਸ. ਅਮਰ ਸਿੰਘ ਤੇਗ਼, ਅਰਜਨ ਸਿੰਘ ਗੜਗੱਜ, ਸ. ਊਧਮ ਸਿੰਘ ਸੁਨਾਮ ਆਦਿ ਬੱਬਰ ਅਕਾਲੀਆਂ ਦੀ ਇੱਕ ਮੀਟਿੰਗ ਸ੍ਰੀ ਨਗਰ ਵਿੱਚ ਹੋਈ, ਜਿਸ ਵਿੱਚ ਉਡਵਾਇਰ ਅਤੇ ਬੀਟੀ ਨੂੰ ਸੋਧਣ ਦੇ ਪ੍ਰੋਗ੍ਰਾਮ 'ਤੇ ਦੁਬਾਰਾ ਵਿਚਾਰ ਕੀਤਾ ਗਿਆ। ਇਸ ਮੀਟਿੰਗ ਤੋਂ ਬਾਅਦ ਊਧਮ ਸਿੰਘ ਫ਼ਰਜ਼ੀ ਪਾਸਪੋਰਟ ਬਣਾ ਕੇ ਇੰਗਲੈਂਡ ਨੂੰ ਚਲਾ ਗਿਆ ਅਤੇ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਉਸਨੇ ਅਫ਼ਗਾਨਿਸਤਾਨ ਸੰਬੰਧੀ ਇੱਕ ਚਰਚਾ ਵਿੱਚ ਭਾਗ ਲੈਣ ਆਏ ਪੰਜਾਬ ਦੇ ਕੌਮੀ ਦੁਸ਼ਮਣ ਮਾਈਕਲ ਉਡਵਾਇਰ ਨੂੰ ਫੁੰਡ ਸੁੱਟਿਆ। 31 ਜੁਲਾਈ 1940 ਨੂੰ ਸ. ਊਧਮ ਸਿੰਘ ਨੂੰ ਇੰਗਲੈਂਡ ਵਿੱਚ ਹੀ ਫਾਂਸੀ ਲਗਾ ਦਿੱਤਾ ਗਿਆ।



ਸ੍ਰੀ ਨਗਰ ਵਾ਼ਲੀ ਮੀਟਿੰਗ ਤੋਂ ਬਾਅਦ ਮਲੇਰਕੋਟਲੇ ਲਾਗੇ ਇੱਕ ਪੁਲਿਸ ਟੋਲੀ ਨਾ਼ਲ ਮੁਕਾਬਲੇ ਦੌਰਾਨ ਸ. ਕਰਤਾਰ ਸਿੰਘ ਛੀਨੀਵਾ਼ਲ ਫੜ੍ਹਿਆ ਗਿਆ ਅਤੇ ਉਸਨੂੰ ਜ਼ੇਲ੍ਹ ਭੇਜ ਦਿੱਤਾ ਗਿਆ। ਜ਼ੇਲ੍ਹ ਵਿੱਚ ਉਸਦੇ ਸੰਬੰਧ ਸ. ਕੁੰਢਾ ਸਿੰਘ ਗਾਜੀਆਣਾ ਅਤੇ ਬਚਨ ਸਿੰਘ ਲੋਹਾਖੇੜਾ ਨਾ਼ਲ ਬਣ ਗਏ ਅਤੇ ਬੀਟੀ ਦੇ ਕਤ਼ਲ ਦੀ ਯੋਜਨਾਂ ਵਿੱਚ ਉਹ ਦੋਵੇਂ ਵੀ ਸ਼ਾਮਲ ਹੋ ਗਏ। ਆਪਣੇ ਮਕਸਦ ਦੀ ਪੂਰਤੀ ਲਈ ਇਹ ਤਿੰਨੇ ਬੱਬਰ ਜ਼ੇਲ੍ਹ ਵਿੱਚੋਂ ਫ਼ਰਾਰ ਹੋ ਗਏ। ਜ਼ੇਲ੍ਹ ਵਿੱਚੋਂ ਬਾਹਰ ਆ ਕੇ ਇਹਨਾਂ ਨੇ ਭੋਲਾ ਸਿੰਘ ਲੋ-ਹਾਖੇੜਾ, ਫ਼ਜ਼ਲਾ ਘੁੰਮਣਵਾ਼ਲਾ, ਕਾਕਾ ਸਿੰਘ ਚੱਠਾ ਸੇਖਵਾਂ ਅਤੇ ਪਿੰਡ ਹੀਰੋ ਕ਼ਲਾਂ ਦੇ ਸੰਤ ਉਜਾਗਰ ਸਿੰਘ ਨਾ਼ਲ ਮੁਲਾਕਾਤ ਕਰਕੇ ਜ਼ਾਲਮ ਬੀਟੀ ਨੂੰ ਸੋਧਣ ਦੀ ਪੂਰੀ ਯੋਜਨਾ ਉਲੀਕ ਲਈ।

ਉਹਨੀ ਦਿਨੀ ਮਿਸਟਰ ਬੀਟੀ ਨੌਕਰੀ ਤੋਂ ਰਿਟਾਇਰ ਹੋ ਕੇ ਸੁਨਾਮ ਦੇ ਨੇੜੇ ਪਿੰਡ ਚੱਠਾ ਸੇਖਵਾਂ ਵਿੱਚ ਇੱਕ ਸ਼ਾਨਦਾਰ ਫ਼ਾਰਮ ਹਾਊਸ ਬਣਾ ਕੇ ਰਹਿ ਰਿਹਾ ਸੀ। ਉਸਦੇ ਪਿੰਡ ਦੀ ਹੀ ਇੱਕ ਜਨਾਨੀ ਨਾ਼ਲ ਨਜ਼ਾਇਜ਼ ਸੰਬੰਧ ਸਨ ਅਤੇ ਉਸਨੇ ਉਸਨੂੰ ਰਖੇਲ ਬਣਾ ਕੇ ਆਪਣੇ ਘਰ ਰੱਖਿਆ ਹੋਇਆ ਸੀ। ਬਣਾਈ ਗਈ ਯੋਜਨਾਂ ਅਨੁਸਾਰ ਸੰਤ ਉਜਾਗਰ ਸਿੰਘ ਨੇ ਬੱਬਰਾਂ ਲਈ ਪੁਲਿਸ ਦੀ ਵਰਦੀ ਦਾ ਪ੍ਰਬੰਧ ਕਰ ਦਿੱਤਾ। ਕਾਕਾ ਸਿੰਘ ਚੱਠਾ ਸੇਖਵਾਂ ਨੂੰ ਛੱਡ ਕੇ ਬਾਕੀ ਸਾਰੇ ਬੱਬਰਾਂ ਨੇ ਪੁਲਿਸ ਦੀ ਵਰਦੀ ਪਹਿਨ ਲਈ। ਕੁੰਢਾ ਸਿੰਘ ਸਬ-ਇੰਸਪੈਕਟਰ ਬਣ ਗਿਆ ਅਤੇ ਭੋਲਾ ਸਿੰਘ ਤੇ ਬਚਨ ਸਿੰਘ ਮੁਨਸ਼ੀ ਬਣ ਗਏ। ਬਾਕੀ ਸਾਰਿਆਂ ਨੇ ਸਿਪਾਹੀਆਂ ਦੀਆਂ ਵਰਦੀਆਂ ਪਹਿਨ ਲਈਆਂ। ਉਹਨਾਂ ਨੇ ਕਾਕਾ ਸਿੰਘ ਨੂੰ ਇੱਕ ਮੁਲਜ਼ਮ ਬਣਾ ਕੇ ਉਸ ਦੀਆਂ ਮੁਸ਼ਕਾਂ ਕਸ ਲਈਆਂ ਅਤੇ ਬੀਟੀ ਦੇ ਫ਼ਾਰਮ ਹਾਊਸ 'ਤੇ ਚਲੇ ਗਏ। ਬੀਟੀ ਆਪਣੇ ਘਰ ਦੇ ਲਾਅਨ ਵਿੱਚ ਇੱਕ ਕੁਰਸੀ 'ਤੇ ਬੈਠਾ ਹੋਇਆ ਸੀ। ਪੁਲਿਸੀਏ ਬਣੇ ਬੱਬਰ ਅਕਾਲੀ ਕਾਕਾ ਸਿੰਘ ਨੂੰ ਦੂਰੋਂ ਹੀ ਦਬਕੇ ਮਾਰਦੇ ਹੋਏ ਬੀਟੀ ਨੇ ਕੋ਼ਲ ਲੈ ਗਏ ਅਤੇ ਕੁੰਢਾ ਸਿੰਘ ਪੁਲਿਸ ਵਾ਼ਲੇ ਅੰਦਾਜ਼ ਵਿੱਚ ਬੋਲਿਆ, " ਚਲ ਉਏ ! ਸ੍ਹਾਬ ਦੇ ਪੈਰੀਂ ਪੈ ਕੇ ਰਹਿਮ ਦੀ ਭੀਖ ਮੰਗ।"

ਕਾਕਾ ਸਿੰਘ ਤੁਰੰਤ ਬੀਟੀ ਦੇ ਪੈਰਾਂ ਵਿੱਚ ਬਹਿ ਗਿਆ ਅਤੇ ਉਸਨੇ ਪੈਰਾਂ ਤੋਂ ਫੜ੍ਹ ਕੇ ਬੀਟੀ ਨੂੰ ਕੁਰਸੀ ਤੋਂ ਥੱਲੇ ਸੁੱਟ ਲਿਆ। ਜਦੋਂ ਤੱਕ ਬੀਟੀ ਨੂੰ ਸਾਰੀ ਕਹਾਣੀ ਸਮਝ ਆਉਂਦੀ, ਉਦੋਂ ਤੱਕ ਬੱਬਰਾਂ ਨੇ ਉਸਨੂੰ ਪਾਰ ਬੁਲਾ ਸੁੱਟਿਆ। ਇਹ ਘਟਨਾਂ 27 ਮਈ 1940 ਨੂੰ ਸ਼ਾਮ ਦੇ ਸਮੇਂ ਵਾਪਰੀ। ਇਸ ਤਰ੍ਹਾਂ ਬੱਬਰ ਅਕਾਲੀਆਂ ਨੇ ਮਿਸਟਰ ਬੀਟੀ ਤੋਂ ਗੁਰੂ ਕੇ ਬਾਗ਼ ਦੇ ਜ਼ੁਲਮਾਂ ਦਾ ਬਦਲਾ ਲਿਆ ।ਇਹ ਵੀ ਇਤਫ਼ਾਕ ਹੀ ਹੈ ਕਿ ਪੰਜਾਬ ਦੀ ਗ਼ੈਰਤ ਦੇ ਦੋ ਵੱਡੇ ਦੁਸ਼ਮਣ ਇੱਕੋ ਸਾਲ (1940) ਵਿੱਚ ਕਰੀਬ ਦੋ ਕੁ ਮਹੀਨਿਆਂ ਦੇ ਫ਼ਾਸਲੇ 'ਤੇ ਬੱਬਰ ਅਕਾਲੀਆਂ ਹੱਥੋਂ ਮਾਰੇ ਗਏ।

## ਪਹਿਰੇਦਾਰ ਪੱਤਰਕਾਰ !

'ਮੈਗਾਸੈਸੇ' ਦਾ ਮਾਣ ਸਨਮਾਨ ਮਿ਼ਲਿਆ
ਰੱਖੀ ਜਾਗਦੀ ਜਿਸਨੇ ਜ਼ਮੀਰ ਯਾਰੋ।
ਨਾਹੀਂ ਝੁੱਕਦਾ ਅੱਗੇ ਉਹ ਹਾਕਮਾਂ ਦੇ
ਨਹੀਂ ਪੈਸਾ ਬਣਾਇਆ ਉਸ ਪੀਰ ਯਾਰੋ।
ਟੀਵੀ ਚੈਨਲਾਂ ਵਾ਼ਲੇ ਘੜਮੱਸ ਅੰਦਰ
'ਐਨਡੀਟੀਵੀ' ਦੀ ਖਾਸ ਤਾਸੀਰ ਯਾਰੋ।
ਐਂਕਰ ਭੱਜ ਪਏ ਇੰਟਰਵਿਊ ਕਰਨ ਵਾ਼ਲੇ
ਸਾਰੇ ਚਾਹੁਣ ਦਿਖਾਉਣੀ ਤਸਵੀਰ ਯਾਰੋ।
ਸਿਫਤਾਂ ਸੌਖੀਆਂ ਕਰਨੀਆਂ ਸੱਚ ਦੀਆਂ
ਐਪਰ ਔਖਾ ਐ ਬਹੁਤ 'ਸਚਿਆਰ' ਹੋਣਾ।
ਹਿੱਸੇ ਆਉਂਦਾ ਏ ਮਾਣ ਇਹ ਵਿਰਲਿਆਂ ਦੇ
ਰਵੀਸ਼ ਕੁਮਾਰ ਜੈਸਾ ਪੱਤਰਕਾਰ ਹੋਣਾ !



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268






# ਅੱਖ ਵਿਚਲਾ ਜਾਦੂ-ਜਨਮੇਜਾ ਸਿੰਘ ਜੌਹਲ



ਸੁਰਿੰਦਰ ਸੋਹਲ

'ਪੌਪ ਕੌਰਨ ਬਣਾਉਂਦਿਆਂ' ਨਜ਼ਮ ਲਿਖਣ ਤੋਂ ਬਾਦ ਮੈਂ ਸੋਚਿਆ, ਇਸ ਨਾਲ ਭੱਠੀ 'ਤੇ ਦਾਣੇ ਭੁੰਨ੍ਹਣ ਵਾਲੀ ਦੀ ਫੋਟੋ ਲੱਗ ਜਾਵੇ ਤਾਂ ਨਜ਼ਮ ਨੂੰ ਚਾਰ ਚੰਨ ਲੱਗ ਸਕਦੇ ਹਨ। ਸੋਚਾਂ ਦੇ ਘੋੜੇ ਦੌੜਦੇ ਦੌੜਦੇ ਜਨਮੇਜਾ ਸਿੰਘ ਜੌਹਲ ਦੇ ਨਾਂ 'ਤੇ ਆ ਕੇ ਅਟਕ ਗਏ। ਮੈਂ ਜਨਮੇਜੇ ਨੂੰ ਕਦੇ ਮਿਲਿਆ ਨਹੀਂ ਸਾਂ। ਰਾਤ ਨੂੰ ਉਸਨੂੰ ਈਮੇਲ ਕੀਤੀ। ਸਵੇਰ ਜਦੋਂ ਈਮੇਲ ਖੋਲ੍ਹੀ ਤਾਂ ਖ਼ੂਬਸੂਰਤ ਫੋਟੋ, ਬਿਜਲਈ ਸੁਨੇਹੇ ਨਾਲ ਚਿੰਬੜੀ ਹੋਈ ਸੀ।

ਉਂਝ ਮੈਂ ਉਸਦਾ ਨਾਂ ਪਰੈੱਪ ਜਾਂ ਬੀ ਏ ਵਿਚ ਪੜ੍ਹਦੇ ਨੇ ਸੁਣਿਆ ਸੀ। ਉਸ ਨੇ ਆਪਣੇ ਵਲੋਂ ਖਿੱਚੀਆਂ ਤਸਵੀਰਾਂ ਦੇ 'ਥਮ ਨੇਲਜ਼' ਦਾ ਇਕ ਚਾਰਟ ਬਣਾਇਆ ਸੀ, ਜਿਸ ਖ਼ੂਹ, ਟਿੰਡਾਂ, ਚਿੜੀਆਂ, ਬਿਜੜੇ ਦਾ ਘਰ, ਪੁਰਾਣੀਆਂ ਇਮਾਰਤਾਂ ਆਦਿ ਦੀਆਂ ਫੋਟੋ ਸਨ। ਉਦੋਂ ਮੈਂ ਸੋਚਿਆ ਸੀ, ਅਜਿਹੀਆਂ ਫੋਟੋ ਖਿਚਣ ਦਾ ਕੀ ਫਾਇਦਾ, ਇਹ ਚੀਜ਼ਾਂ ਤਾਂ ਅਸੀਂ ਰੋਜ਼ ਦੇਖਦੇ ਹਾਂ।

ਭੱਠਿਆਰਨ ਦੀ ਫੋਟੋ ਦੇਖ ਕੇ ਇਕ ਵਾਰ ਤਾਂ ਅੱਖਾਂ ਵਿਚ ਦੀ ਬਚਪਨ ਧੂੰਏ ਵਾਂਗ ਲੰਘ ਗਿਆ। ਮੈਂ ਨਜ਼ਮ ਦੇ ਨਾਲ ਫੋਟੋ ਲਾ ਕੇ ਬਹੁਤ ਸਾਰੇ ਲੋਕਾਂ ਨੂੰ ਈਮੇਲ ਕੀਤੀ। ਬਹੁਤ ਭਰਵਾਂ ਹੁੰਗਾਰਾ ਮਿਲਿਆ। ਲਫ਼ਜ਼ਾਂ ਦੇ ਹੇਰ-ਫੇਰ ਨਾਲ ਸਭ ਨੇ ਇਹ ਗੱਲ ਕਹੀ ਹੋਈ ਸੀ ਕਿ ਬਚਪਨ ਚੇਤੇ ਕਰਵਾ ਦਿੱਤਾ। ਨਜ਼ਮ ਦੀ ਇਬਾਰਤ ਤਸਵੀਰ ਵਰਗੀ ਸੀ ਤੇ ਜਨਮੇਜੇ ਦੀ ਤਸਵੀਰ ਨਜ਼ਮ ਵਰਗੀ।

ਮੈਂ ਭੱਠੀ ਵਾਲੀ ਫੋਟੋ ਨੂੰ ਗ਼ੌਰ ਨਾਲ ਦੇਖਿਆ। ਬਚਪਨ ਵਿਚ ਦਾਣੇ ਭੁੰਨ੍ਹਾਉਣ ਗਿਆਂ ਜਿਹੜਾ ਧੂੰਆਂ ਅੱਖਾਂ ਵਿਚ ਕੁੜੱਤਣ ਬਣ ਕੇ ਚੁਭਦਾ ਸੀ, ਫੋਟੋ ਵਿਚ ਫੈਲਿਆ ਹੋਇਆ ਉਹੀ ਧੂੰਆਂ ਅੱਖਾਂ ਨੂੰ 'ਸੁਹਜ ਭਰਪੂਰ' ਠੰਢਕ ਵਰਤਾ ਰਿਹਾ ਸੀ। ਇਹ ਤਸਵੀਰ ਇਸ ਗੱਲ ਦਾ ਪ੍ਰਮਾਣ ਸੀ ਕਿ ਜ਼ਿੰਦਗੀ ਦੇ ਦੁੱਖ, ਕਲਾ ਦੀ ਕੁਠਾਲੀ ਵਿਚ ਦੀ ਲੰਘ ਕੇ ਸੁਹਜਮਈ ਹੋ ਜਾਂਦੇ ਹਨ।

ਸਾਧਾਰਨ ਮਨੁੱਖ ਆਪਣੇ ਨੱਕ ਤੋਂ ਅੱਗੇ ਦੇਖ ਹੀ ਨਹੀਂ ਸਕਦਾ। ਕਲਾਕਾਰ ਦੀ ਅੱਖ ਅਦ੍ਰਿਸ਼ਟ ਦੇ ਪਿੱਛੇ ਛੁਪੇ ਸੱਚ ਨੂੰ ਦੇਖ ਆਉਂਦੀ ਹੈ। ਉਹ ਹੁਣ ਨੂੰ ਨਹੀਂ, ਭਵਿੱਖ ਦੇ ਉਸ ਪਲ ਨੂੰ ਪਕੜਨ ਲਈ ਯਤਨਸ਼ੀਲ ਹੁੰਦਾ ਹੈ, ਜਿਸ ਨੇ ਕਦੇ ਅਤੀਤ ਦੀਆਂ ਹਨ੍ਹੇਰੀਆਂ ਕੰਦਰਾਂ ਵਿਚ ਗਵਾਚ ਜਾਣਾ ਹੁੰਦਾ ਹੈ। ਜੇ ਕਲਾਕਾਰ ਕਾਮਯਾਬੀ ਨਾਲ ਉਸ ਪਲ ਨੂੰ ਪਕੜ ਲਵੇ ਤਾਂ ਉਹ ਪਲ ਸਮੇਂ ਤੋਂ ਆਰ-ਪਾਰ ਸਦੀਵ ਹੋ ਨਿਬੜਦਾ ਹੈ। ਮੈਂ ਕਦੇ ਸੋਚਦਾ ਸਾਂ, ਇਹਨਾਂ ਚੀਜ਼ਾਂ ਦੀਆਂ ਫੋਟੋ ਖਿੱਚਣ ਦਾ ਕੀ ਲਾਭ, ਇਹ ਚੀਜ਼ਾਂ ਤਾਂ ਅਸੀਂ ਰੋਜ਼ ਦੇਖਦੇ ਹਾਂ। ਇਹ ਮੇਰੇ ਸੋਚਣ ਦੀ ਸੀਮਾ ਸੀ।



ਹਿੰਦੋਸਤਾਨ ਦੀ ਗੰਦੀ ਸਿਆਸਤ ਦੀ ਖੇਡ ਵਿਚ ਮਨੁੱਖ ਦੀ ਕੋਈ ਕਦਰ ਨਹੀਂ। ਖ਼ੁਦਕੁਸ਼ੀਆਂ ਦੀ ਮਾਰੂ ਰੁੱਤ, ਮਜ਼ਹਬ, ਜ਼ਾਤ-ਬਰਾਦਰੀ ਦੇ ਨਾਂ 'ਤੇ ਬਲਦੀਆਂ ਅੱਗਾਂ ਦਾ ਸੇਕ ਕਿਸੇ ਤੋਂ ਗੁੱਝਾ ਨਹੀਂ। ਹਰ ਸਿਆਸੀ-ਅਰਜਨ ਦੀ ਅੱਖ ਕੁਰਸੀ-ਮੱਛੀ 'ਤੇ ਟਿਕੀ ਹੋਈ ਹੈ। ਹੋਰ ਕੁਝ ਨਜ਼ਰ ਨਹੀਂ ਆ ਰਿਹਾ। ਅਜਿਹੇ ਮਾਹੌਲ ਵਿਚ ਸਾਵੀਆਂ ਚਿੜੀਆਂ, ਗੁਟਾਰਾਂ, ਬਤਖਾਂ, ਘੁੱਗੀਆਂ, ਗਿਰਝਾਂ, ਇੱਲ੍ਹਾਂ ਆਦਿ ਮਾਸੂਮ ਪੰਛੀਆਂ ਦਾ ਕਿਸ ਨੂੰ ਫਿਕਰ ਹੋਣਾ ਹੈ। ਹੌਲੀ ਹੌਲੀ ਇਹ ਘਟਦੇ ਜਾ ਰਹੇ ਹਨ। ਢਾਬਾਂ ਦਾ ਪਾਣੀ ਸੁੱਕਦਾ ਜਾ ਰਿਹਾ ਹੈ। ਕਿਸੇ ਸਮੇਂ ਇਤਿਹਾਸ ਦਾ ਮਾਣ ਰਹੀਆਂ ਇਮਾਰਤਾਂ ਭੁਰ-ਦੀਆਂ ਜਾ ਰਹੀਆਂ ਹਨ। ਜਨਮੇਜਾ ਸਿੰਘ ਜੌਹਲ ਨੇ ਇਹਨਾਂ ਪੰਛੀਆਂ, ਢਾਬਾਂ, ਇਮਾਰਤਾਂ ਨੂੰ ਆਪਣੇ ਕੈਮਰੇ ਦੀ ਅੱਖ ਥਾਣੀ ਲੰਘਾ ਕੇ ਇਹਨਾਂ ਦੀ ਉਮਰ ਵਧਾ ਦਿੱਤੀ ਹੈ। ਉਹ ਜਿੰਨਾ ਕਰ ਸਕਦਾ ਸੀ ਉਸ ਨੇ ਕੀਤਾ ਹੈ।

ਚਰਖੇ, ਪੀੜ੍ਹੀਆਂ, ਪੱਖੀਆਂ, ਮਧਾਣੀਆਂ, ਚੱਕੀਆਂ ਨੂੰ ਰੈਸਟੋਰੈਂਟਾਂ ਵਾਲਿਆਂ ਨੇ ਵੀ ਸਜਾਇਆ ਹੈ। ਪਰ ਉਹਨਾਂ ਦਾ ਮਕਸਦ ਪੰਜਾਬੀ ਜਨ-ਜੀਵਨ ਦਾ ਅਹਿਮ ਹਿੱਸਾ ਰਹੇ ਇਹਨਾਂ ਸੰਦਾਂ ਨੂੰ ਸੰਭਾਲਣਾ, ਇਹਨਾਂ ਦੀ ਸੱਚੀ ਕਦਰ ਪਾਉਣਾ, ਇਹਨਾਂ ਦਾ ਮਹੱਤਵ ਦਰਸਾਉਣਾ ਨਹੀਂ। ਇਹਨਾਂ ਚੀਜ਼ਾਂ ਨਾਲ ਜੁੜੀ ਪੰਜਾਬੀ ਮਾਨਸਿਕਤਾ ਦੀ 'ਬਲੈਕ ਮੇਲਿੰਗ' ਹੈ। ਉਹਨਾਂ ਦੀ ਦਿਸ਼ਾ ਵਿਉਪਾਰਕ ਹੈ, ਸਭਿਆਚਾਰ ਦੀ ਸਾਂਭ-ਸੰਭਾਲ ਵੱਲ ਨਹੀਂ। ਇਸ ਦੇ ਉਲਟ ਜਨਮੇਜਾ ਸਿੰਘ ਜੌਹਲ ਦੀ ਸੋਚ ਸੱਚੀ-ਸੁੱਚੀ ਹੈ। ਇਹਨਾਂ ਚੀਜ਼ਾਂ ਨੂੰ ਤਸਵੀਰਾਂ ਰਾਹੀਂ ਸੰਭਾਲਣ ਦਾ ਉਸ ਅੰਦਰ ਨਿਰਾ ਜਜ਼ਬਾ ਹੀ ਨਹੀਂ, ਜਨੂੰਨ ਹੈ। ਅੱਜ-ਕੱਲ੍ਹ ਹਰ ਕੋਈ ਕੈਮਰਾ ਚੁੱਕੀ ਫਿਰਦਾ ਹੈ। ਪਰ ਹਰ ਕੋਈ ਫੋਟੋ ਨਹੀਂ ਖਿੱਚ ਸਕਦਾ। ਜਨਮੇਜਾ ਸਿੰਘ ਜੌਹਲ ਦੇ ਬਿਜੜਿਆਂ ਦੇ ਘਰ ਵਾਲੀ ਫੋਟੋ ਜਿਸ ਨੇ ਗ਼ੌਰ ਨਾਲ ਦੇਖੀ ਹੈ, ਉਹ ਮਹਿਸੂਸ ਕਰ ਸਕਦਾ ਹੈ ਕਿ ਜੌਹਲ ਨੇ ਫੋਟੋ ਖਿੱਚਣ ਵੇਲੇ ਬਿਜੜਿਆਂ ਦੇ ਘਰ ਦੀ ਲਚਕ ਨੂੰ ਕਿਵੇਂ ਫੋਟੋ ਵਿਚ ਸੰਭ-ਾਲਿਆ ਹੈ। ਦੇਖਣ ਵਾਲਾ ਮਹਿਸੂਸ ਕਰਦਾ ਹੈ ਕਿ ਹੁਣੇ ਹਵਾ ਦਾ ਬੁੱਲਾ ਆਵੇਗਾ ਤੇ ਇਹ ਬਿਜੜਿਆਂ ਦਾ ਘਰ ਝੂਮਣ ਲੱਗ ਪਵੇਗਾ।

ਉਸ ਦੀ ਖਿੱਚੀ ਫੋਟੋ ਵਿਚ ਏਨੀ ਸੁਭਾਵਿਕਤਾ ਹੁੰਦੀ ਹੈ ਕਿ ਤਾਸ਼ ਦਾ ਪੱਤਾ ਸੁੱਟ ਰਹੇ ਬੰਦੇ ਦਾ ਹੱਥ ਹਰਕਤ ਕਰਦਾ ਲੱਗਦਾ ਹੈ। ਜਾਪਦਾ ਹੈ, ਹੁਣੇ ਪੱਤਾ ਡਿੱਗੇਗਾ ਤੇ ਸੀਪ ਲੱਗ ਜਾਵੇਗੀ। ਅਸੀਂ ਤਸਵੀਰਾਂ ਆਮ ਛਪਦੀਆਂ ਦੇਖਦੇ ਹਾਂ। ਫੋਟੋ ਖਿਚਾਉਣ ਵਾਲੇ ਆਕੜੇ ਖੜ੍ਹੇ ਹੁੰਦੇ ਹਨ। ਉਦੋਂ ਮੈਨੂੰ ਜਨਮੇਜਾ ਸਿੰਘ ਜੌਹਲ ਦਾ ਖ਼ਿਆਲ ਆਉਂਦਾ ਹੈ। ਅਗਰ ਉਹ ਇਹ ਫੋਟੋ ਖਿਚਦਾ ਤਾਂ ਇਕ ਇਕ 'ਪਿਕਸਲ' ਵਿਚ ਕੋਮਲਤਾ, ਸਹਿਜਤਾ, ਸੂਖਮਤਾ ਦਾ ਅਲੌਕਿਕ ਰੰਗ ਭਰਿਆ ਜਾਣਾ ਸੀ।

ਜਦੋਂ ਮਨੁੱਖੀ ਬਿਰਤੀ ਸਹਿਜ ਹੁੰਦੀ ਹੈ, ਸਰੀਰਕ ਹਾਵ-ਭਾਵ ਕੁਦਰਤ ਨਾਲ ਇਕ-ਮਿਕ ਹੋ ਜਾਂਦੇ ਹਨ, ਉਦੋਂ ਜਨਮੇਜਾ ਸਿੰਘ ਜੌਹਲ 'ਕਲਿਕ' ਕਰਦਾ ਹੈ। ਆਮ ਫੋਟੋ ਖਿੱਚਣ ਵਾਲਾ ਸਰੀਰਾਂ ਦੇ ਉਸ ਤਣਾਅ ਨੂੰ ਫੜ੍ਹਦਾ ਹੈ, ਜਿਸ ਬਾਰੇ (ਪ੍ਰੋ. ਜਗਦੀਸ਼ ਦੇ ਸ਼ਬਦਾਂ ਵਿਚ), ਸਿਤਾਰ 'ਤੇ ਗਾਉਂਦੀ ਕੁੜੀ ਨੇ ਕਿਹਾ ਸੀ-ਸਾਜ਼ਿੰਦੇ ਸਰੀਰ ਦੀਆਂ ਤਾਰਾਂ ਨੂੰ ਏਨਾ ਨਾ ਖਿੱਚ ਕੇ ਇਹ ਟੁੱਟ ਜਾਣ ਤੇ ਇਹਨਾਂ ਵਿਚਲਾ ਸੰਗੀਤ ਮਰ ਜਾਵੇ। ਸੱਚ-ਮੁੱਚ ਸਾਡੀਆਂ ਸੋਚਾਂ ਦਾ ਤਣਾਅ ਜਦੋਂ ਸਰੀਰ ਦੇ ਤਣਾਅ ਨਾਲ ਇਕ-ਮਿਕ ਹੋ ਜਾਂਦਾ ਹੈ ਤਾਂ 'ਬੇਹੂਦਾ' ਤਸਵੀਰ ਪਰਗਟ ਹੁੰਦੀ ਹੈ। ਜਦੋਂ ਤਨ, ਮਨ ਦੀ ਸਹਿਜਤਾ ਕੁਦਰਤ ਨਾਲ ਮਿਲਦੀ ਹੈ ਤਾਂ ਖ਼ੂਬਸੂਰਤ ਕਲਾ-ਕਿਰਤ ਪੈਦਾ ਹੁੰਦੀ ਹੈ। ਇਹ ਗੁਣ ਜਨਮੇਜਾ ਸਿੰਘ ਜੌਹਲ ਦੀ ਅੱਖ ਵਿਚ ਹੰਝੂਆਂ ਦੀ ਹੱਦ ਤੱਕ ਸਮਾਇਆ ਹੋਇਆ ਹੈ।

# ਅਵਾਰਾ ਪਸ਼ੂ ਬਣੇ ਪੰਜਾਬ ਦੇ ਲੋਕਾਂ ਲਈ ਗੰਭੀਰ ਸਮੱਸਿਆ



ਪ੍ਰਮੋਦ ਧੀਰ
91-98550-31081

ਪੰਜਾਬ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਗੰਭੀਰ ਬਣਦੀ ਜਾ ਰਹੀ ਹੈ। ਇਹਨਾਂ ਅਵਾਰਾ ਪਸ਼ੂਆਂ ਕਾਰਨ ਪੰਜਾਬ ਵਿੱਚ ਮਨੁੱਖੀ ਜਾਨਾਂ ਜਾਣ ਦਾ ਰੁਝਾਨ ਦਿਨੋਂ ਦਿਨ ਵੱਧ ਰਿਹਾ ਹੈ। ਜਿਸ ਕਾਰਨ ਪੂਰੇ ਸਮਾਜ ਵਿੱਚ ਡਰ ਦੀ ਭਾਵਨਾ ਪੈਦਾ ਹੋ ਗਈ ਹੈ। ਅੱਜ ਕਲ੍ਹ ਹਰ ਇੱਕ ਵਿਅਕਤੀ ਅਵਾਰਾ ਪਸ਼ੂਆ ਤੋਂ ਬਹੁਤ ਪ੍ਰੇਸ਼ਾਨ ਹੈ। ਅਵਾਰਾ ਪਸ਼ੂ ਅਕਸਰ ਹੀ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਤੇ ਇਹਨਾਂ ਅਵਾਰਾ ਢੱਠਿਆਂ ਦੇ ਪਿੰਡਾਂ ਅਤੇ ਕਸਬਿਆਂ ਦੀਆਂ ਗਲੀਆਂ ਵਿਚ ਹਰਲ-ਹਰਲ ਘੁੰਮਣ ਨਾਲ ਜਿੱਥੇ ਹਰ ਕੋਈ ਭੈਅ ਭੀਤ ਜਿਹਾ ਰਹਿੰਦਾ ਹੈ, ਉੱਥੇ ਛੋਟੇ ਬੱਚੇ ਤੇ ਬਜ਼ੁਰਗ ਜ਼ਿਆਦਾ ਖੌਫਜਦਾ ਹੋ ਰਹੇ ਹਨ ਅਤੇ ਕਈ ਵਾਰ ਬੱਚਿਆਂ ਦਾ ਸ਼ਾਮ ਵੇਲੇ ਖੇਡਣਾ ਮੁਸ਼ਕਲ ਹੋਇਆ ਪਿਆ ਹੈ, ਉਧਰ ਦੂਸਰੇ ਪਾਸੇ ਨਿੱਤ ਆਉਂਦੀਆਂ ਦਿਲ ਕੰਬਾਊ ਖਬਰਾਂ ਕਿ ਹਲਕਾਏ 'ਤੇ ਅਵਾਰਾ ਕੁੱਤਿਆਂ ਦੇ ਵੱਡਣ ਨਾਲ ਅਤੇ ਅਵਾਰਾ ਪਸ਼ੂਆਂ ਦੇ ਹਮਲਿਆਂ ਨਾਲ ਹੁੰਦੀਆਂ ਮੌਤਾਂ ਅਤੇ ਕਈਆਂ ਦੇ ਜਖਮੀ ਹੋਣ ਸਬੰਧੀ ਸੁਣ ਕੇ ਦਿਲ ਕੰਬ ਉਠਦਾ ਹੈ, ਪਰ ਇਹਨਾਂ ਦੁਰਘਟਨਾਵਾਂ ਦੇ ਬਾਵਜੂਦ ਇਸ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਕੋਈ ਵੀ ਠੋਸ ਹੱਲ ਨਹੀਂ ਕੱਢਿਆ ਜਾ ਰਿਹਾ।







ਅੱਜ ਕੱਲ ਅਵਾਰਾ ਪਸ਼ੂਆਂ ਦੀ ਭਰਮਾਰ ਦਿਨੋਂ ਦਿਨ ਵਧ ਰਹੀ ਹੈ।

**ਕਿਸਾਨਾਂ ਅਤੇ ਆਮ ਲੋਕਾਂ ਲਈ ਅਵਾਰਾ ਪਸ਼ੂਆਂ ਦੀ ਸਮੱਸਿਆ:**

ਅਵਾਰਾ ਪਸ਼ੂ ਕਿਸਾਨਾਂ ਦੇ ਖੇਤਾਂ ਵਿੱਚ ਚਲੇ ਜਾਂਦੇ ਹਨ ਜਿੱਥੇ ਉਹ ਕਿਸਾਨਾ ਦੀ ਪੁੱਤਾਂ ਵਾਂਗੂ ਪਾਲੀ ਫ਼ਸਲ ਦਾ ਭਾਰੀ ਨੁਕਸਾਨ ਕਰਦੇ ਹਨ। ਕਿਸਾਨ ਆਪਣੀਆ ਫ਼ਸਲਾ ਬਚਾਉਣ ਲਈ ਦਿਨੇ 'ਤੇ ਰਾਤਾਂ ਨੂੰ ਆਪਣੀ ਫਸਲ ਦੀ ਰਾਖੀ ਕਰਦੇ ਹਨ ਤਾਂ ਜੋ ਅਵਾਰਾ ਪਸ਼ੂਆਂ ਤੋਂ ਫਸਲ ਦੇ ਨੁਕਸਾਨ ਨੂੰ ਬਚਾਇਆ ਜਾ ਸਕੇ। ਪਰ ਇਸ ਮੁਸ਼ਕਿਲ ਦਾ ਕੋਈ ਠੋਸ ਹੱਲ ਨਹੀਂ ਨਿਕਲ ਰਿਹਾ ਤੇ ਅਵਾਰਾ ਪਸ਼ੂਆ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ। ਹੁਣ ਇਹ ਪਸ਼ੂ ਬਜ਼ਾਰਾ, ਭੀੜ-ਭੜੱਕੇ ਵਾਲੀਆਂ ਥਾਵਾਂ, ਗਲੀਆ, ਮੁਹੱਲਿਆਂ ਵਿੱਚ ਆਮ ਅਵਾਰਾ ਘੁੰਮ ਰਹੇ ਹਨ। ਜਿਸ ਕਾਰਨ ਛੋਟੇ ਬੱਚਿਆਂ,ਬਜੁਰਗਾਂ,ਔਰਤਾਂ ਆਦਿ ਨੂੰ ਘਰੋਂ ਬਾਹਰ ਨਿਕਲਣ ਵਿੱਚ ਸਮੱਸਿਆ ਆਉਂਦੀ ਹੈ ਤੇ ਇਹਨਾਂ ਤੋਂ ਸੱਟ ਫੇਟ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ।

**ਅਵਾਰਾ ਪਸ਼ੂਆਂ ਕਾਰਨ ਮੇਰੇ ਨਾਲ ਹੋਈਆਂ ਹੱਡਬੀਤੀਆਂ ਘਟਨਾਵਾਂ:**

ਪਿਛਲੇ ਸਾਲ ਸਾਡਾ ਗੁਆਂਢੀ ਮਹਿੰਦਰ ਪਾਲ ਜੋ ਕਿ ਸਟੇਟ ਬੈਂਕ ਆਫ ਪਟਿਆਲਾ ਜੈਤੋ ਵਿਖੇ ਕੈਸ਼ੀਅਰ ਲੱਗਾ ਸੀ ਆਪਣੇ ਸਕੂਟਰ ਤੇ ਘਰ ਆ ਰਿਹਾ ਸੀ ਤਾਂ ਅਚਾਨਕ ਅਵਾਰਾ ਢੱਠੇ ਨੇ ਚੱਕ ਕੇ ਮਾਰਿਆ ਇਨ੍ਹੀਂ ਭਿਆਨਕ ਸੱਟ ਲੱਗੀ ਕਿ ਉਸ ਨੌਜਵਾਨ ਦੀ ਮੌਤ ਹੋ ਗਈ । ਇਸੇ ਤਰਾਂ ਕੁਝ ਕੁ ਮਹੀਨੇ ਪਹਿਲਾਂ ਜੈਤੋ ਵਿਖੇ ਹੀ ਮੇਰੀਆਂ ਅੱਖਾਂ ਸਾਹਮਣੇ ਬਾਜ਼ਾਰ ਵਿੱਚ ਇੱਕ ਅਵਾਰਾ ਢੱਠੇ ਨੇ ਤੁਰੇ ਜਾਂਦੇ ਨੌਜਵਾਨ ਨੂੰ ਪਿਛੋਂ ਦੀ ਸਿੰਘਾਂ ਤੇ ਚੁੱਕ ਲਿਆ ਤੇ 50-60 ਗਜ ਦੂਰ ਚਲਾ ਕੇ ਮਾਰਿਆ ਬਾਅਦ ਵਿੱਚ ਉਸਦੇ ਪੇਟ ਤੇ ਲੱਤ ਰੱਖਣ ਲੱਗਾ ਤਾਂ ਨੇੜਲੇ ਦੁਕਾਨਦਾਰਾਂ ਨੇ ਢੱਠੇ ਦੇ ਮੂੰਹ ਤੇ ਅੱਖਾਂ ਤੇ ਪਾਣੀ ਪਾ ਕੇ,ਸੋਟੀਆਂ ਆਦਿ ਮਾਰ ਕੇ ਉਸ ਨੌਜਵਾਨ ਦੀ ਜਾਣ ਬਚਾਈ ਪਰ ਫਿਰ ਵੀ ਉਸ ਨੌਜਵਾਨ ਦੇ ਕਈ ਸੱਟਾਂ ਲੱਗ ਚੁੱਕੀਆਂ ਸਨ। ਇਸੇ ਤਰਾਂ ਕੁਝ ਕੁ ਦਿਨ ਪਹਿਲਾਂ ਮੈਂ ਆਪਣੇ ਪਿਤਾ ਜੀ ਨਾਲ ਐਕਟਿਵਾ ਤੇ ਆ ਰਿਹਾ ਸੀ ਤਾਂ ਸਾਹਮਣੇ ਤੋਂ ਦੋ ਢੱਠੇ ਲੜਦੇ ਹੋਏ ਸਾਡੇ ਅੱਗੇ ਆਉਣ ਲੱਗੇ ਉਹਨਾਂ ਤੋਂ ਬਚਣ ਲਈ ਮੈਂ ਨਾਲ ਦੀ ਗਲੀ ਵਿੱਚ ਵੜਨ ਲੱਗਾ ਤਾਂ ਡਿੱਗ ਕੇ ਕਈ ਸੱਟਾਂ ਮਰਵਾ ਲਈਆਂ। ਹਰ ਰੋਜ਼ ਇਸ ਤਰਾਂ ਦੀਆਂ ਹੋਰ ਵੀ ਹਜ਼ਾਰਾਂ ਦੁਰਘਟਨਾਵਾਂ ਇਨ੍ਹਾਂ ਆਵਾਰਾ ਪਸ਼ੁਆਂ ਕਾਰਨ ਵਾਪਰ ਰਹੀਆਂ ਹਨ। ਅੱਜ ਕੱਲ ਲੋਕ ਘਰੋਂ ਨਿਕਲਣ ਤੋਂ ਵੀ ਡਰਦੇ ਹਨ ਕਿ ਪਤਾ ਨਹੀਂ ਕਦੋਂ ਕੋਈ ਆਵਾਰਾ ਪਸ਼ੂ ਸਾਡਾ ਨੁਕਸਾਨ ਨਾਂ ਕਰ ਦੇਵੇ। ਡਰਦੇ ਮਾਰੇ ਲੋਕ ਆਪਣੇ ਘਰਾਂ ਦੇ ਦਰਵਾਜੇ ਵੀ ਬੰਦ ਰੱਖਦੇ ਹਨ। ਅਵਾਰਾ ਪਸ਼ੁਆਂ ਦੇ ਡਰੋਂ ਲੋਕਾਂ ਨੇ ਗਲੀਆਂ ਵਿੱਚ ਬੈਠ ਕੇ ਦੁੱਖ ਸੁੱਖ ਸਾਂਝੇ ਕਰਨੇ ਵੀ ਘਟਾ ਦਿੱਤੇ ਹਨ। ਸਾਡੇ ਸਮਾਜ ਦੇ ਲੋਕਾਂ ਵੱਲੋਂ ਇਸ ਸਮੱਸਿਆ ਦੇ ਸਥਾਈ ਹੱਲ ਲਈ ਕੀ ਕੀਤਾ ਜਾ ਰਿਹਾ ਹੈ।

**ਅਸੀ ਕੀ ਕਰ ਰਹੇ ਹਾਂ-** ਪੁਰਾਣੇ ਸਮਿਆਂ ਵਿੱਚ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ਤੇ ਵੱਛੇ ਵਾਲੀ ਗਾਂ ਦਾ ਸਤਿਕਾਰ ਕੀਤਾ ਜਾਦਾ ਸੀ। ਮਸ਼ੀਨੀ ਯੁਗ ਆਉਣ ਨਾਲ ਗਾਂ ਦੀ ਮੂਲੋਂ ਕਦਰ ਘਟ ਗਈ ਦੂਸਰਾ ਦੇਸੀ ਗਾਂ ਦਾ ਦੁੱਧ ਵਲੈਤੀ ਗਾਂ ਦੇ ਦੁੱਧ ਮੁਕਾਬਲੇ ਬਹੁਤ ਘੱਟ ਹੁੰਦਾ ਹੈ। ਇਹੀ ਕਾਰਨ ਹੈ ਕਿ ਲੋਕ ਫੰਡਰ ਗਾਂ ਨੂੰ ਸੋਟੀ ਮਾਰ ਕੇ ਘਰੋਂ ਕੱਢ ਦਿੰਦੇ ਹਨ। ਗਾਂ ਨਾਲ ਧਾਰਮਿਕ ਭਾਵਨਾਵਾ ਜੁੜੀਆ ਹੋਣ ਕਾਰਨ, ਇਹ ਲੋਕਾਂ ਦੀ ਜਾਨ ਦਾ ਖਤਰਾ ਬਣਦੀਆ ਹਨ। ਇਹਨਾਂ ਗਊਆਂ ਦੀ ਸਾਂਭ-ਸੰਭਾਲ ਲਈ ਬਣਾਈਆ ਗਊਸ਼ਾਲਾ ਵਿੱਚ ਵੀ ਜ਼ਿਆਦ-ਾਤਰ ਉਹੀ ਪਸ਼ੂ ਰੱਖੇ ਜਾਂਦੇ ਹਨ ਜੋ ਦੁੱਧ ਦਿੰਦੇ ਹਨ, ਅਵਾਰਾ ਪਸ਼ੂਆ ਨੂੰ ਦਰ-ਨਿਕਾਰ ਕਰ ਦਿੱਤਾ ਜਾਂਦਾ ਹੈ।

**ਅਵਾਰਾ ਪਸ਼ੂਆਂ ਦੇ ਹੱਲ ਲਈ ਕੁਝ ਸੁਝਾਅ**

ਇਹਨਾਂ ਅਵਾਰਾ ਪਸ਼ੂਆ ਦੀ ਸਾਂਭ ਸੰਭਾਲ ਕਰਨਾ ਸਰਕਾਰ ਦੀ ਜਿੰਮੇਵਾਰੀ ਹੈ ਕਿਉਕਿ ਸਰਕਾਰ ਨੇ ਵੱਖ-ਵੱਖ ਚੀਜ਼ਾ ਤੇ ਗਊ ਸੈੱਸ ਲਾ ਕੇ ਲੋਕਾਂ ਦਾ ਗੁਪਤ ਰੂਪ ਵਿੱਚ ਕਚੂਮਰ ਕੱਢ ਦਿੱਤਾ। ਸਰਕਾਰ ਨੇ ਅੰਦਰ ਖ਼ਾਤੇ ਨਵੀ ਚਾਰ ਪਹੀਆ ਗੱਡੀ ਤੇ ਇੱਕ ਹਜ਼ਾਰ ਰੁਪਏ, ਦੋ ਪਹੀਆ ਵਾਹਨ ਤੇ ਪੰਜ ਸੌ ਰੁਪਏ, ਸੀਮੈਂਟ ਦੀ ਇੱਕ ਬੋਰੀ ਤੇ ਇੱਕ ਰੁਪਈਆ, ਏਸੀ ਮੈਰਿਜ਼ ਪੈਲੇਸ ਬੁੱਕ ਕਰਨ ਤੇ ਇਕ ਹਜ਼ਾਰ ਰੁਪਏ, ਨਾਨ ਏ ਸੀ ਮੈਰਿਜ਼ ਪੈਲੇਸ ਬੁੱਕ ਕਰਨ ਤੇ ਪੰਜ ਸੌ ਰੁਪਏ, ਅੰਗਰੇਜ਼ੀ ਸ਼ਰਾਬ ਦੀ ਬੋਤਲ ਤੇ ਪੰਜ ਰੁਪਏ, ਬਿਜਲੀ ਦੇ ਬਿਲ ਤੇ ਵੀ ਮੋਟਾ ਗਊ ਸੈੱਸ ਲਗਾ ਕੇ ਚੁੱਪ ਚੁਪੀਤੇ ਲੋਕਾਂ 'ਤੇ ਵਾਧੂ ਬੋਝ ਪਾਇਆ ਹੈ। ਗਊ ਸੈਸ ਰਾਹੀਂ ਇਕੱਠੇ ਕੀਤੇ ਜਾ ਰਹੇ ਕਰੋੜਾਂ ਰੁਪਏ ਦਾ ਕੋਈ ਹਿਸਾਬ ਨਹੀਂ ਹੈ। ਇਹਨਾਂ ਪੈਸਿਆਂ ਨਾਲ ਸਰਕਾਰ ਨੂੰ ਅਵਾਰਾ ਪਸ਼ੂਆਂ ਲਈ ਢੁਕਵੇਂ ਪ੍ਰਬੰਧ ਕਰਕੇ ਲੋਕਾਂ ਦੀ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ। ਕਈ ਗਊਸ਼ਾਲਾਵਾਂ ਦੇ ਨਾਮ ਕਾਫੀ ਜਮੀਨ ਹੈ ਉਸ ਜਮੀਨ ਨੂੰ ਅਵਾਰਾ ਪਸ਼ੂਆਂ ਦੀ ਸਾਂਭ ਸੰਭਾਲ ਕਰਨ ਲਈ ਵਰਤਿਆ ਜਾਵੇ। ਦੁੱਧ ਦੇਣ ਵਾਲੀਆਂ ਗਾਵਾਂ ਦੇ ਦੁੱਧ ਤੋਂ ਮੱਖਣ,ਪਨੀਰ,ਘਿਉ ਆਦਿ ਪ੍ਰੋਡਕਟ ਤਿਆਰ ਕਰਕੇ ਵੇਚੇ ਜਾਣ ਤੇ ਹੋਣ ਵਾਲੀ ਆਮਦਨ ਨੂੰ ਇਹਨਾਂ ਪਸ਼ੂਆਂ ਦੀ ਸਾਂਭ ਸੰਭਾਲ ਲਈ ਖਰਚਿਆ ਜਾਵੇ। ਜਿਨਾਂ ਗਓਸ਼ਾਲਾਵਾਂ ਕੋਲ ਜ਼ਮੀਨ ਨਹੀਂ ਹੈ ਉਥੇ ਸਮਾਜ ਸੇਵੀ,ਧਾਰਮਿਕ ਸੰਸਥਾਵਾਂ ਨੂੰ ਇਸ ਕੰਮ ਲਈ ਭਰਪੂਰ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਦੇ ਲੋਕਾਂ ਨੂੰ ਇਸ ਅਵਾਰਾ ਪਸ਼ੂਆਂ ਦੀ ਭਿਆਨਕ ਸਮੱਸਿਆ ਤੋਂ ਬਚਾਇਆ ਜਾ ਸਕੇ। ਗਊਸ਼ਾਲਾਵਾਂ ਕੋਲ ਆਪਣੀ ਬਹੁਤ ਜਗ੍ਹਾ ਹੈ ਪੰਜਾਬ ਸਰਕਾਰ ਉਸ ਜਗ੍ਹਾ ਉਪਰ ਗੋਬਰ ਗੈਸ ਪਲਾਂਟ ਲਗਾਵੇ, ਗੋਬਰ ਤੋਂ ਖਾਦ ਤਿਆਰ ਕੀਤੀ ਜਾ ਸਕਦੀ ਹੈ ਅਤੇ ਉਹ ਕੰਟਰੋਲ ਰੇਟ ਤੇ ਅੱਗੇ ਕਿਸਾਨਾਂ ਨੂੰ ਵੇਚੀ ਜਾ ਸਕਦੀ ਹੈ। ਗਊ ਮੂਤਰ ਦਾ ਪਲਾਂਟ ਲੱਗ ਸਕਦਾ ਹੈ ਕਿਉਂਕਿ ਬਹੁਤ ਸਾਰੀਆਂ ਆਯੁਰਵੈਦਿਕ ਕੰਪਨੀਆਂ ਇਹ ਖਰੀਦ ਲੈਂਦੀਆਂ ਹਨ, ਗਊਆਂ ਦੇ ਦੁੱਧ ਦਾ ਘਿਉ ਤਿਆਰ ਕੀਤਾ ਜਾ ਸਕਦਾ ਹੈ ਇਹਨਾਂ ਤਰੀਕਿਆਂ ਨਾਲ ਗਊਸ਼ਾਲਾਵਾਂ ਆਤਮ ਨਿਰਭਰ ਹੋ ਸਕਦੀਆਂ ਹਨ ਤੇ ਅਵਾਰਾ ਪਸ਼ੂਆਂ ਨੂੰ ਕਾਬੂ ਕਰਨ 'ਚ ਯੋਗਦਾਨ ਪਾਇਆ ਜਾ ਸਕਦਾ ਹੈ। ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ ਸਾਡਾ ਸਿਸਟਮ ਪੂਰੀ ਤਰ੍ਹਾਂ ਫੇਲ ਹੀ ਨਜ਼ਰ ਆ ਰਿਹਾ ਹੈ। ਪਰ ਲੋੜ ਹੈ ਇਸ ਸਮੱਸਿਆ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਦੀ ਤਾਂ ਜੋ ਹਰ ਰੋਜ਼ ਹੁੰਦੇ ਸੜਕ ਹਾਦਸੇ ਰੁਕ ਸਕਣ, ਮਨੁੱਖੀ ਕੀਮਤੀ ਜਾਨਾ ਬਚਾਈਆ ਜਾ ਸਕਣ ਤੇ ਕਿਸਾਨਾਂ ਦੀਆਂ ਫ਼ਸਲਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ। ਇਸ ਭਿਆਨਕ ਸਮੱਸਿਆ ਨੂੰ ਰੋਕਣਾ ਸਮੇਂ ਦੀ ਮੁੱਖ ਲੋੜ ਹੈ। ਇਹਨਾਂ ਅਵਾਰਾ ਪਸ਼ੂਆਂ ਦੀ ਬਣੀ ਸਮਾਜ ਲਈ ਚੁਣੌਤੀ ਸਬੰਧੀ ਸਰਕਾਰ ਦੇ ਨਾਲ ਨਾਲ ਆਮ ਲੋਕਾਂ ਨੂੰ ਵੀ ਅੱਗੇ ਆਉਣਾ ਪਵੇਗਾ ਤੇ ਇਸਦੇ ਹੱਲ ਲਈ ਬਦਲਵੇਂ ਤਰੀਕੇ ਲੱਭਣੇ ਪੈਣਗੇ । ਆਖਰ ਕਦੋਂ ਤੱਕ ਅਸੀਂ ਇਸ ਸਮੱਸਿਆ ਅੱਗੇ ਗੋਡੇ ਟੇਕ ਕੇ ਬੈਠੇ ਰਹਾਂਗੇ, ਹੁਣ ਵੇਲਾ ਆ ਗਿਆ ਹੈ ਇਸ ਸਮੱਸਿਆ ਤੋਂ ਜਲਦੀ ਨਿਜਾਤ ਪਾਉਣ ਦਾ, ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਭਿਆਨਕ ਨਤੀਜੇ ਹੋਣਗੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

# ਸੰਸਕ੍ਰਿਤ ਭਾਸ਼ਾ ਦੇ ਪਿਤਾਮਾ ਭਗਵਾਨ ਵਾਲਮੀਕ



ਭਗਵਾਨ ਵਾਲਮੀਕ ਜੀ ਨੂੰ ਕਿਸੀ ਵੀ ਤਰ੍ਹਾਂ ਦੀ ਪਹਿਚਾਣ ਦੀ ਜ਼ਰੂਰਤ ਨਹੀਂ ਹੈ, ਜਿਵੇਂ ਸੂਰਜ ਦੀ ਰੋਸ਼ਨੀ ਨਾਲ ਪੂਰਾ ਵਿਸ਼ਵ ਜਾਗ੍ਰਤ ਹੁੰਦਾ ਹੈ, ਠੀਕ ਉਸੇ ਤਰ੍ਹਾਂ "ਭਗਵਾਨ ਵਾਲਮੀਕਿ ਗਿਆਨ ਅੰਮ੍ਰਿਤ" ਨਾਲ ਪੂਰਾ ਬ੍ਰਹਿਮਾਂਡ ਜਾਗ੍ਰਤ ਹੋ ਕੇ ਤਿੰਨਾਂ ਲੋਕਾਂ ਉਤੇ ਵਿਜੇ ਪ੍ਰਾਪਤ ਕਰਦਾ ਹੈ। ਸੂਰਜ ਦੀ ਰੋਸ਼ਨੀ ਨਾਲ ਹੋਣ ਵਾਲਾ ਉਜਾਲਾ ਕੁਝ ਸਮੇਂ ਬਾਅਦ ਅਸਤ ਹੋ ਜਾਂਦਾ ਹੈ ਪਰੰਤੂ ਭਗਵਾਨ ਵਾਲਮੀਕ ਜੀ ਦਾ "ਗਿਆਨ ਅੰਮ੍ਰਿਤ" ਹਨੇਰੇ ਵਿੱਚ ਵੀ ਉਜਾਲਾ ਕਰਦਾ ਹੈ। ਭਗਵਾਨ ਵਾਲਮੀਕ ਦੀ ਪ੍ਰਸੰਸਾ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਦੇ ਸਮਾਨ ਹੈ। ਉਨ੍ਹਾਂ ਦਾ ਗਿਆਨ ਪ੍ਰਤੱਖ ਹੈ, ਉਸਨੂੰ ਕਿਸੀ ਵੀ ਪ੍ਰਕਾਰ ਦੇ ਪਰਿਣਾਮ ਦੀ ਜਰੂਰਤ ਨਹੀਂ ਹੈ। ਜਿਵੇਂ ਸੂਰਜ ਬ੍ਰਹਿਮਾਂਡ ਵਿੱਚ ਉਜਾਲਾ ਕਰਦਾ ਹੈ ਉਸੀ ਪ੍ਰਕਾਰ ਪ੍ਰਭੂ ਵਾਲਮੀਕਿ ਜੀ ਦੇ ਗਿਆਨ ਨਾਲ ਸਾਰਾ ਜਗਤ ਗਿਆਨ ਅੰਮ੍ਰਿਤ ਹੋਕੇ ਚਮਕ ਰਿਹਾ ਹੈ।

ਭਗਵਾਨ ਨੇ ਆਪਣੇ ਗਿਆਨ ਅੰਮ੍ਰਿਤ ਨੂੰ ਸੂਤਰਾਂ ਵਿਚ ਬੰਨ੍ਹ ਕੇ ਜਿਸ ਨੂੰ ਅਸੀਂ ਅਨੁਸਟੂਪਛੰਦ ਦੇ ਨਾਮ ਨਾਲ ਜਾਣਦੇ ਹਾਂ, ਸੂਤਰਬੱਧ ਢੰਗ ਨਾਲ ਕਹਾਣੀਆਂ, ਦੁਆਰਾ ਕਠੋਰ ਤੋਂ ਆਸਾਨ ਉਦਾਹਰਣਾਂ ਦੇ ਨਾਲ ਸਮਝਾਇਆ ਹੈ। ਉਨ੍ਹਾਂ ਨੂੰ ਕੇਵਲ ਪੜ੍ਹਨ, ਸੁਣਨ ਤੇ ਵਿਚਾਰਣ ਨਾਲ ਹੀ ਮੋਕਸ਼ ਦੀ ਪ੍ਰਾਪਤੀ ਹੋ ਜਾਂਦੀ ਹੈ।ਇਸ ਵਿੱਚ ਕੋਈ ਸ਼ੱਕ ਨਹੀਂ।

### ਸੰਸਕ੍ਰਿਤ ਭਾਸ਼ਾ ਦਾ ਜਨਮ

ਸੰਸਕ੍ਰਿਤ ਭਾਸ਼ਾ ਦਾ ਜਨਮ ਭਗਵਾਨ ਵਾਲਮੀਕ ਜੀ ਦੇ ਮੂੰਹ ਤੋਂ ਨਿਕਲੇ ਕਰੁਣਾਮਈ ਸ਼ਬਦਾਂ ਤੋਂ ਹੋਇਆ ਸੀ। ਸੰਸਕ੍ਰਿਤ ਦੇ ਸਵਰ, ਵਿਅੰਜਨਾਂ ਦਾ ਪਹਿਲਾ ਅੱਖਰ 'ਕ' ਦਾ ਹੋਣਾ ਕੋਈ ਸੰਯੋਗ ਨਹੀਂ, ਬਲਕਿ ਕਰੌਂਚ ਤੋਂ ਹੀ ਭਗਵਾਨ ਵਾਲਮੀਕ ਜੀ ਨੇ ਕਰੁਣਾ ਭਾਵ ਨਾਲ ਭਾਸ਼ਾ ਦਾ ਨਿਰਮਾਣ ਕੀਤਾ ਸੀ।ਕਿਉਂਕਿ ਭਗਵਾਨ ਵਾਲਮੀਕਿ ਜੀ ਦੇ ਮੂੰਹ ਤੋਂ ਨਿਕਲੇ ਸ਼ਬਦਾਂ ਨਾਲ ਹੀ ਸੰਸਕ੍ਰਿਤ ਦੇ ਸਵਰ ਅਤੇ ਵਿਅੰਜਨ ਬਣੇ ਹਨ। ਗੱਲ ਉਸ ਸਮੇਂ ਦੀ ਹੈ ਜਦੋਂ ਇਕ ਦਿਨ ਪ੍ਰਭੂ ਵਾਲਮੀਕ ਜੀ ਆਪਣੇ ਚੇਲੇ ਰਿਸ਼ੀ ਭਾਰਦਵਾਜ ਦੇ ਨਾਲ ਤਮਸਾ ਨਦੀ ਤੇ ਇਸ਼ਨਾਨ ਕਰਕੇ ਵਾਪਿਸ ਆਸ਼ਰਮ ਵੱਲ ਆ ਰਹੇ ਸਨ। ਉਦੋਂ ਉਨ੍ਹਾਂ ਨੇ ਨਦੀ ਦੇ ਤਟ ਦੇ ਕੋਲ ਇਕ ਨਿਸ਼ਾਦ ਨੂੰ ਦੇਖਿਆ, ਜਿਸਨੇ ਆਪਣੇ ਤੀਰ ਨਾਲ ਕ੍ਰੌਂਚ ਅਤੇ ਕ੍ਰੌਂਚੀ ਜੋੜੇ ਵਿੱਚੋ ਕ੍ਰੌਂਚ (ਨਰ) ਨੂੰ ਮਾਰ ਦਿੱਤਾ। ਇਹ ਨਜ਼ਾਰਾ ਦੇਖਕੇ ਭਗਵਾਨ ਵਾਲਮੀਕ ਜੀ ਦੇ ਮੁੱਖ ਤੋਂ ਜੋ ਸ਼ਬਦ ਨਿਕਲੇ ਉਹ ਇਸ ਪ੍ਰਕਾਰ ਹਨ :-

ਮਾ ਨਿਸ਼ਾਦ ਪ੍ਰਤੀਸ਼ਠਾਮ ਤਵਮ ਆਗਮ: ਸ਼ਾਸ਼ਵਤੀ ਸ਼ਮਾ:।
ਯਤਰਦੇਖ ਕ੍ਰੌਂਚ ਮਿਥੁਨਾਦ ਏਕਮ ਅਵਧੀ ਕਾਮ ਮੋਹਿਤਮ।।'

ਇਸ ਸ਼ਲੋਕ ਤੋਂ ਹੀ ਸੰਸਕ੍ਰਿਤ ਭਾਸ਼ਾ ਦਾ ਜਨਮ ਹੋਇਆ। ਆਸ਼ਰਮ ਪਹੁੰਚ ਕੇ ਪ੍ਰਭੂ ਵਾਲਮੀਕ ਜੀ ਚੈਨ ਨਾਲ ਨਹੀਂ ਬੈਠੇ, ਉਨ੍ਹਾਂ ਨੇ ਦੇਖਿਆ ਕਿ ਧਰਤੀ ਤੇ ਜੀਵ ਕਿਵੇਂ ਆਪਣੇ ਸੁਆਰਥ ਦੇ ਲਈ ਇਕ ਦੂਜੇ ਪ੍ਰਾਣੀ ਦੀ ਹੱਤਿਆ ਕਰ ਦਿੰਦਾ ਹੈ, ਜਦੋਂ ਕਿ ਪ੍ਰਕਿਰਤੀ ਨੇ ਇਕੋ ਜਿਹੀ ਪ੍ਰਾਣ ਵਾਯੂ ਧਰਤੀ ਤੇ ਆਕਾਸ ਉਤੇ ਰਹਿੰਦੇ ਸਾਰੇ ਜੀਵਾਂ ਨੂੰ ਦਿੱਤੀ ਹੈ। ਭਗਵਾਨ ਵਾਲਮੀਕ ਜੀ ਨੇ ਜੀਵ ਨੂੰ ਇਕ ਸੂਤਰ ਵਿੱਚ ਬੰਨਣ ਦੇ ਲਈ ਸਿਧਾਂਤ ਬਣਾਏ ਅਤੇ ਜੀਵ ਨੂੰ ਉਸਦਾ ਪਾਲਣ ਕਰਨ ਦਾ ਉਪਦੇਸ਼ ਦਿੱਤਾ ਉਦੋਂ ਤੋਂ ਹੀ ਜੀਵ ਇਸ ਸੰਸਾਰ ਤੋਂ ਮੁਕਤੀ ਜਾਂ ਮੋਕਸ਼ ਦੀ ਪ੍ਰਾਪਤੀ ਕਰਣ ਵਿਚ ਹੀ ਜੁਟਿਆ ਪਿਆ ਹੈ। ਬੇਸੁਮਾਰ ਪ੍ਰਾਣੀ ਭਗਵਾਨ ਜੀ ਦੇ ਦੱਸੇ ਰਸਤੇ ਤੇ ਚਲ ਕੇ ਅਮ੍ਰਿੰਤਪਦ ਨੂੰ ਪ੍ਰਾਪਤ ਹੋਏ ਹਨ।

ਸੰਸਕ੍ਰਿਤ ਭਾਸ਼ਾ ਵਿਸ਼ਵ ਦੀ ਪ੍ਰਾਚੀਨਤਮ ਭਾਸ਼ਾਵਾਂ ਵਿੱਚੋਂ ਇਕ ਹੈ। ਵਿਸ਼ਵ ਦੀ 12 ਭਾਸ਼ਾ ਪਰਿਵਾਰਾਂ ਵਿਚੋਂ ਸਭਤੋਂ ਵੱਡਾ ਭਾਰੋਪੀਯ ਭਾਸ਼ਾ ਪਰਿਵਾਰ ਹੈ, ਦੂਜਾ ਦ੍ਰਵਿੜ ਭਾਸ਼ਾ ਪਰਿਵਾਰ ਦੀ ਭਾਸ਼ਾਵਾਂ ਦਾ ਜਨਮ ਸ਼੍ਰੀ ਗੁਰੂ ਵਾਲਮੀਕਿ ਜੀ ਦੀ ਸੰਸਕ੍ਰਿਤ ਭਾਸ਼ਾ ਤੋਂ ਹੀ ਹੋਇਆ ਹੈ। ਇਸ ਨੂੰ ਵਿਦੇਸ਼ੀ ਤੇ ਸਵਦੇਸੀ ਵਿਦਵਾਨ ਇਕ ਮੱਤ ਹੋ ਕੇ ਸਵੀਕਾਰ ਕਰਦੇ ਹਨ।

ਭਗਵਾਨ ਵਾਲਮੀਕਿ ਜੀ ਨੇ ਵਿਆਕਰਣ ਬਣਾਕੇ ਛੰਦ ਸੂਤਰਾਂ ਨਾਲ ਰਾਮਾਇਣ ਦਾ ਨਿਰਮਾਣ ਕੀਤਾ, ਉਸ ਵਿੱਚ ਧਰਮ, ਅਰਥ ਅਤੇ ਕਾਮ ਤਿੰਨ ਪ੍ਰਕਾਰ ਦੀ ਵਿਧਿਆ ਦਾ ਗਿਆਨ ਦਿੱਤਾ ਅਤੇ ਫਿਰ 'ਮੋਕਸ਼ੋਪਾਯੇ' ਗ੍ਰੰਥ ਜਿਸ ਵਿੱਚ ਧਰਮ, ਅਰਥ, ਕਾਮ ਅਤੇ ਮੋਕਸ਼ ਚਾਰ ਪ੍ਰਕਾਰ ਦੀ ਵਿਧਿਆ ਦਾ ਗਿਆਨ ਦਿੱਤਾ। ਇਹ ਸਾਰਾ ਗਿਆਨ ਆਪਣੇ ਪ੍ਰਿਯ ਚੇਲੇ ਰਿਸ਼ੀ ਭਾਰਦਵਾਜ ਨੂੰ ਕਰਵਾਇਆ ਅਤੇ ਪ੍ਰਚਾਰ ਦੇ ਲਈ ਵੀ ਪ੍ਰੇਰਿਤ ਕੀਤਾ ਸੀ।

ਭਗਵਾਨ ਵਾਲਮੀਕਿ ਜੀ ਨੇ ਆਪਣੀ ਗੱਲ ਨੂੰ ਆਸਾਨੀ ਨਾਲ ਸਮਝਾਉਣ ਦੇ ਲਈ ਇਕ, ਦੋ ਤਿੰਨ ਉਦਾਹਰਣਾਂ ਦੇ ਕੇ ਬਹੁਤ ਹੀ ਆਸਾਨੀ ਨਾਲ ਗਿਆਨ ਨੂੰ ਸਮਝਾਇਆ ਹੈ। ਇਸਦੇ ਉਪਰਾਂਤ ਉਨ੍ਹਾਂ ਨੇ 'ਅੱਕਸ਼ਰ-ਲਕਸ਼ਣ' ਗ੍ਰੰਥ ਲਿਖਿਆ ਸੀ, ਜਿਸ ਵਿੱਚ ਪੰਜਾਹ ਅਧਿਆਇ ਸਨ। ਇਹ ਵੀ ਵਿਸ਼ਾਲ ਗ੍ਰੰਥ ਸੀ। ਇਸ ਵਿੱਚ ਗਣਿਤ, ਜਿਸਨੂੰ ਅੱਜ "Mathematics including Modern Geometary" ਕਹਿੰਦੇ ਹਨ। ਇਹ ਗ੍ਰੰਥ ਮਾਰਕੀਟ ਵਿੱਚ ਉਪਲੱਬਧ ਨਹੀਂ ਹਨ। ਇਸਦਾ ਉਲੇਖ ਬਹੁਤ ਸਾਰੇ ਪੁਰਾਤਨ ਗ੍ਰੰਥਾਂ ਵਿੱਚ ਹੈ। ਇਸਦਾ ਇਕ (Reference) ਜਾਣਕਾਰੀ, 1970 ਵਿੱਚ ਛਪੀ ਪੁਸਤਕ 'ਹਿੰਦੂ ਸ਼ਾਸ਼ਤਰ ਅਤੇ ਸੰਸਕਾਰ' ਵਿਚ ਮਿਲਦਾ ਹੈ। ਜਿਸ ਵਿੱਚ A.K. Ayer ਜੋ ਬਹੁਤ ਵੱਡੇ ਵਿਦਵਾਨ ਹਨ। ਉਨ੍ਹਾਂ ਨੇ ਦੱਸਿਆ ਕਿ 'ਦਿ ਇਨਸ-ਾਈਕਲੋਪੀਡਿਆ` "The Encyclopaedic Sastra which goes by the name of "AKSHAR-ALAKSHA" the authorhsip of Science is attributed to sage Valmiki. All kindly (325 to be exact) of Mathematics, including, Modern Geometry, Algebra, Trigono-metary, Physics or Applied Mathematics, Minerology, hydals, The Methad of measuring Air, Heat and even electricity, Geography etc."

ਭਗਵਾਨ ਵਾਲਮੀਕਿ ਜੀ ਦੇ ਜੀਵਨ ਦੇ ਵਿਸ਼ੇ ਵਿੱਚ ਭਿੰਨ-ਭਿੰਨ ਅਵਧਾਰਣਾਵਾਂ ਲਗਾਈਆਂ ਗਈਆਂ ਹਨ। ਵਾਸਤਵ ਵਿੱਚ ਨਾ ਉਨ੍ਹਾਂ ਦੀ ਸ਼ਾਦੀ ਦਾ ਅਤੇ ਨਾ ਬੱਚਿਆਂ ਦਾ ਜ਼ਿਕਰ ਮਿੱਲਦਾ ਹੈ। ਸ੍ਰਿਸ਼ਟੀ ਦੇ ਆਰੰਭ ਤੋਂ ਹੀ ਸ਼੍ਰੀ ਗੁਰੂ ਵਾਲਮੀਕ ਜੀ ਨੂੰ ਭਗਵਨ, ਮੋਕਸ਼ਦਾਤਾ, ਤਪੱਸਵੀ, ਪਰਮਦੇਵਮ, ਅਜਰ- ਅਮਰ- ਤ੍ਰਿਕਾਲਦਰਸ਼ੀ, ਆਦਿ ਨਾਮਾ ਦੁਆਰਾ ਸੰਬੋਧਿਤ ਕੀਤਾ ਜਾਂਦਾ ਹੈ। ਸਿੱਖਾਂ ਦੇ ਪਹਿਲੇ ਗੁਰੂ 'ਸ਼੍ਰੀ ਗੁਰੂ ਨਾਨਕ ਦੇਵ ਜੀ' ਵੀ ਭਗਵਾਨ ਵਾਲਮੀਕਿ ਨੂੰ ਬ੍ਰਹਮਾ ਦਾ ਅਵਤਾਰ ਮੰਨਦੇ ਸਨ। ਸਿੱਖਾਂ ਦੇ ਦਸਵੇ ਗੁਰੂ 'ਸ਼੍ਰੀ ਗੁਰੂ ਗੋਬਿੰਦ ਸਿੰਘ' ਜੀ ਨੇ ਵੀ ਭਗਵਾਨ ਵਾਲਮੀਕਿ ਨੂੰ ਬ੍ਰਹਮਾ ਦਾ ਅਵਤਾਰ ਆਪਣੀ ਪੁਸਤਕ 'ਰਾਮ ਅਵਤਾਰ' ਵਿੱਚ ਕਿਹਾ ਹੈ। ਰਾਮਾਇਣ ਮੰਜਰੀ ਵਿੱਚ ਭਗਵਾਨ ਵਾਲਮੀਕਿ ਜੀ ਦੀ ਸਤੁਤੀ ਇਸ ਪ੍ਰਕਾਰ ਕੀਤੀ ਹੈ:-

'ਸ ਵ: ਪੁਨਾਤੁ ਵਾਲਮੀਕੇ: ਸੁਕਤਾਮ੍ਰਤ ਮਹੋਦਧਿ:।
ਔਂਕਾਰ ਇਵ ਵਰਣਨਾਂ ਕਵੀਨਾਂ ਪ੍ਰਥਮੋ ਮੁਨਿ:।।'
(ਰਾਮਾਇਣ ਮੰਜਰੀ)

ਇਸ ਸ਼ਲੋਕ ਤੋਂ ਪਤਾ ਲੱਗਦਾ ਹੈ ਕਿ ਪ੍ਰਭੂ ਵਾਲਮੀਕ ਜੀ ਨੇ 'ਔਂਕਾਰ ਅਤੇ ਓਮ' ਉਚਾਰਣ ਦੇ ਲਾਭ ਦਾ ਵਰਣਨ ਆਪਣੇ ਗ੍ਰੰਥਾਂ ਵਿੱਚ ਕੀਤਾ ਹੈ। ਵਿਸ਼ਵ ਦੇ ਪਹਿਲੇ ਮੁਨੀ ਪ੍ਰਭੁ ਵਾਲਮੀਕਿ ਜੀ ਹਨ। ਜਿਨ੍ਹਾਂ ਨੇ ਓਮਕਾਰ ਦਾ ਗਿਆਨ ਦਿੱਤਾ ਹੈ।ਪੂਰਾ ਵਿਸ਼ਵ ਇਸ ਓਂਮਕਾਰ (Aum) ਤੋਂ ਲਾਭ ਲੇ ਰਿਹਾ ਹੈ। 'ਮੋਕਸ਼ੋਪਾਯੇ' ਗ੍ਰੰਥ ਨੂੰ ਪੜਣ, ਸੁਣਨ ਤੇ ਵਿਚਾਰਣ ਨਾਲ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਸਾਰਾ ਗਿਆਨ ਆਪਣੇ ਪਿਆਰੇ ਚੇਲੇ ਰਿਸ਼ੀ ਭਾਰਦਵਾਜ ਨੂੰ ਭਗਵਾਨ ਜੀ ਨੇ ਕਰਵਾਇਆ ਅਤੇ ਪ੍ਰਚਾਰ ਦੇ ਲਈ ਵੀ ਪ੍ਰੇਰਿਤ ਕੀਤਾ। ਇਹ ਸਾਰਾ ਗਿਆਨ ਲਿਖਣ ਤੋਂ ਬਾਅਦ ਪ੍ਰਭੂ ਨੇ ਮੌਖਿਕ ਰੂਪ ਨਾਲ ਪ੍ਰਚਾਰ ਕਰਵਾਇਆ।ਇਸ ਪ੍ਰਕਾਰ ਇਹ ਪਰੰਪਰਾ ਹਾਲੇ ਵੀ ਮੌਜੂਦ ਹੈ। ਪੂਰੇ ਵਿਸ਼ਵ ਵਿੱਚ ਅਜਿਹਾ ਕੋਈ ਦੇਸ਼ ਨਹੀਂ ਜਿੱਥੇ ਸ਼੍ਰੀ ਭਗਵਾਨ ਵਾਲਮੀਕ ਜੀ ਦੀ ਰਾਮਾਇਣ ਦਾ ਗਿਆਨ ਨਾ ਪੰਹੁਚਿਆ ਹੋਵੇ।

'ਪਠ ਰਾਮਾਇਣੰ ਵਿਆਸ ਕਾਵਿਯਬੀਜਮ ਸਨਾਤਨਮ।
ਯਤਰ ਰਾਮ-ਚਰਿਤੰ ਸਯਾਤ ਤਦਹੰ ਤਤਰ ਸ਼ਕਤੀਮਾਨ'।।
ਬ੍ਰਹਦਪੁਰਾਣ (1-30-47)
'ਰਾਮਇਣੰ ਪਾਠਿਤੰ ਮੇਂ ਪ੍ਰਸੰਨੋਸਿਮ ਕ੍ਰਿਤਸਤਵਯਾ।
ਕਰਿਸਯਾਮਿ ਪੁਰਾਣਮ ਇਤਿ ਮਹਾਭਾਰਤ ਮੇਵ ਚ।।'
(ਬ੍ਰਹਮਪੁਰਾਣ 1-30-65)

ਇਸਦਾ ਪੂਰਾ ਮਾਨ ਸ਼੍ਰੀ ਵਿਆਸ ਜੀ ਨੂੰ ਜਾਂਦਾ ਹੈ। ਉਨ੍ਹਾਂ ਨੇ ਬਹੁਤ ਪ੍ਰਚਾਰ ਕੀਤਾ। ਉਨ੍ਹਾਂ ਨੂੰ ਵੀ ਦੇਵ ਵੀ ਉਪਾਧੀ ਪ੍ਰਾਪਤ ਹੋਈ ਸੀ। ਸ਼੍ਰੀ ਵਿਆਸ ਦੇਵ ਜੀ ਨੇ 18 ਪੁਰਾਣ, ਮਹਾਪੁਰਾਣ ਅਤੇ ਮਹਾਭਾਰਤ ਦੀ ਰਚਨਾ ਕੀਤੀ ਸੀ। ਇਸ ਗੱਲ ਦੀ ਪੁਸ਼ਟੀ ਸਾਨੂੰ ਬ੍ਰਿਹਦਪੁਰਾਣ ਤੋਂ ਹੁੰਦੀ ਹੈ। ਉਸ ਵਿੱਚ ਇਸ ਗੱਲ ਨੂੰ ਸਪੱਸ਼ਟ ਕੀਤਾ ਗਿਆ ਹੈ। ਸ਼ਲੋਕ ਉਪਰ ਮੌਜੂਦ ਹੈ। ਸ਼੍ਰੀ ਵਿਆਸ ਜੀ ਨੇ ਗੁਰੂ ਵਾਲਮੀਕ ਜੀ ਦੇ ਸਾਸਤਰਾਂ ਦਾ ਅਧਿਐਨ ਕਰ ਕੇ ਪੁਰਾਣ, ਮਹਾਪੁਰਾਣ ਅਤੇ ਮਹਾਭਾਰਤ ਦੀ ਰਚਨਾ ਕੀਤੀ ਹੈ।

### ਅਮਰੀਕਾ, ਜਰਮਨੀ ਤੇ ਵਿਦੇਸੀਆਂ ਉਤੇ ਭਗਵਾਨ ਵਾਲਮੀਕਿ ਸੰਸਕ੍ਰਿਤੀ ਦਾ ਪ੍ਰਭਾਵ:

The Ethnologue Catalogue of World Language ਦੇ ਅਨੁਸਾਰ ਵਿਸ਼ਵ ਵਿੱਚ 7099 ਭਾਸ਼ਾਵਾਂ ਹਨ। ਦੁਨੀਆਂ ਵਿੱਚ ਕੋਈ ਵੀ ਭਾਸ਼ਾ ਸੰਸਕ੍ਰਿਤ ਤੋਂ ਵੱਧ ਕੇ ਹੋਰ ਨਹੀਂ ਹੋ ਸਕਦੀ। ਸੰਸਕ੍ਰਿਤ ਭਾਸ਼ਾ ਵਿੱਚ (107,78,50,00,000) ਇਕ ਸੋ ਸੱਤ ਅਰਬ ਅਠੱਤਰ ਕਰੋੜ ਪੰਜਾਹ ਲੱਖ ਸ਼ਬਦਾਂ ਦਾ ਪ੍ਰਯੋਗ ਹੋ ਚੁੱਕਿਆ ਹੈ। Computer or Advance technology ਵਿੱਚ ਜੇ ਇਸ ਦਾ ਪ੍ਰਯੋਗ ਹੋ ਜਾਵੇ ਤਾਂ ਆਉਣ ਵਾਲੇ 10 ਸਾਲਾਂ ਵਿੱਚ ਸੰਸਕ੍ਰਿਤ ਹੋਰ ਵੀ ਇਸਤੇਮਾਲ ਹੋਣ ਵਾਲੀ ਭਾਸ਼ਾ ਬਣ ਜਾਵੇਗੀ। Comperative to other language ਹੋਰ ਭਾਸ਼ਾਵਾਂ ਦੇ ਮੁਕਾਬਲੇ ਸੰਸਕ੍ਰਿਤ ਘੱਟ ਸਮੇਂ ਵਿੱਚ ਸਾਡੇ ਵਾਕ ਨੂੰ ਪੂਰਾ ਕਰ ਦਿੰਦੀ ਹੈ। The University of Chicago or MIT Massachnsetts Institude of technology ਹੋਰ ਕਈ ਪ੍ਰਮੁੱਖ University America ਵਿੱਚ ਸੰਸਕ੍ਰਿਤ ਸਿਖਾ ਰਹੇ ਹਨ। NASA ਵਿੱਚ ਇਕ ਦਫਤਰ ਹੈ ਜੋ ਪ੍ਰਾਚੀਨ ਸੰਸਕ੍ਰਿਤ ਵਿੱਚ ਲਿਖੀ ਗਈ ਹਸਤਲਿੱਪੀ ਉਤੇ ਰਿਸਚਰਚ ਕਰ ਰਿਹਾ ਹੈ।

ਜੁਲਾਈ 1987, ਦੇ "FORBES MAGAZINE ਵਿੱਚ ਲਿਖਿਆ ਸੀ ਕਿ "Sanskrit is most Computer Friendly Langauge ਯਾਨੀ ਕਿ ਕੰਪਿਉਟਰ ਦੇ ਇਸਤੇਮਾਲ ਲਈ ਸਭ ਤੋਂ ਵਧੀਆਂ ਭਾਸ਼ਾ ਸੰਸਕ੍ਰਿਤ ਹੈ, ਸੰਸਕ੍ਰਿਤ ਸਰਲ, ਮਨੋਹਰ ਅਤੇ ਨਿਮਿਤ ਭਾਸ਼ਾ

**ਆਚਾਰਿਆ ਰਵਿੰਦਰ ਕੁਮਾਰ**
ਖੋਜਾਰਥੀ,
ਮਹਾਰਿਸ਼ੀ ਵਾਲਮੀਕੀ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-98880-89404



ਹੈ। NASA ਨੇ ਸੰਸਕ੍ਰਿਤ ਨੂੰ ਇਸ ਗ੍ਰਹਿ ਤੇ ਸਭ ਤੋਂ ਸਪੱਸ਼ਟ ਬੋਲੀ ਜਾਣ ਵਾਲੀ ਇੱਕਮਾਤਰ ਭਾਸ਼ਾ ਕਿਹਾ ਹੈ। NASA Scientist ਦੀ ਰਿਪੋਰਟ ਦੇ ਅਨੁਸਾਰ ਇਹ 6th or 7th Generation ਕੰਪਿਊਟਰ ਤੇ ਕੰਮ ਕਰ ਰਹੀ ਹੈ। ਜੋ ਕਿ ਸੰਸਕ੍ਰਿਤ ਤੇ ਆਧਾਰਿਤ ਹੈ। NASA ਦੇ ਕੋਲ 60 ਹਜ਼ਾਰ ਹਸਤਲਿਪੀ ਤੇ ਪਾਂਡੂਲਿਪੀ ਹੈ, ਜਿਸ ਉਤੇ ਰਿਸਰਚ ਕਰ ਰਹੇ ਹਨ।

ਸੰਸਕ੍ਰਿਤ ਸਿੱਖਣ ਨਾਲ ਸਾਡਾ ਗਿਆਨ ਵੱਧ ਜਾਂਦਾ ਹੈ। Math or Science ਵਰਗੇ ਵਿਸ਼ੇ ਜੋ ਲੋਕ ਬਹੁਤ ਮੁਸ਼ਕਿਲ ਸਮਝਦੇ ਹਨ, ਜਰਮਨੀ ਤੇ ਯੂਰਪ ਵਿਚ ਸੰਸਕ੍ਰਿਤ ਦਾ ਗਿਆਨ ਹੋਣ ਨਾਲ ਵਿਦਿਆਰਥੀ ਬਹੁਤ ਚੰਗਾ Performance ਕਰ ਰਹੇ ਹਨ, ਜੋ ਵਿਦਿਆਰਥੀ ਇਸਨੂੰ ਸਿੱਖ ਰਹੇ ਹਨ। ਉਸ ਨਾਲ ਉਹਨਾਂ ਦੀ Memory Power ਵੱਧ ਰਹੀ ਹੈ। London or Ireland ਦੇ ਬਹੁਤ ਸਾਰੇ ਸਕੂਲਾਂ ਵਿੱਚ ਸੰਸਕ੍ਰਿਤ ਨੂੰ Compulsory Subject ਕਰ ਦਿੱਤਾ ਹੈ। ਇਥੋਂ ਦੇ ਵਿਦਿਆਰਥੀ ਹਮੇਸ਼ਾਂ Toper ਦੀ ਲਿਸਟ ਵਿੱਚ ਹੁੰਦੇ ਹਨ।

ਰਿਸਰਚ ਨੇ ਸਾਬਿਤ ਕਰ ਦਿੱਤਾ ਹੈ ਕਿ ਸੰਸਕ੍ਰਿਤ ਦੇ Fonastic ਦਾ ਸੰਬੰਧ ਸਾਡੇ ਸਰੀਰ ਦੇ Energy Point ਨਾਲ ਹੁੰਦਾ ਹੈ। ਜਦੋਂ ਅਸੀਂ ਸੰਸਕ੍ਰਿਤ ਬੋਲਦੇ ਜਾਂ ਪੜ੍ਹਦੇ ਹਾਂ ਤਾਂ ਇਹ Energy Point Activate ਹੋ ਜਾਂਦੇ ਹਨ ਅਤੇ ਸਾਡਾ Energy Level ਵੱਧ ਜਾਂਦਾ ਹੈ ਅਤੇ ਸਾਡਾ ਰੋਧ-ਪ੍ਰਤੀਰੋਧ ਵੀ ਵੱਧਦਾ ਹੈ। ਦਿਮਾਗ ਨੂੰ ਆਰਾਮ ਮਿਲਦਾ ਹੈ ਅਤੇ ਤਨਾਅ ਤੋਂ ਮੁਕਤੀ ਮਿਲਦੀ ਹੈ। ਸੰਸਕ੍ਰਿਤ ਸਾਡੇ ਦੇਸ਼ ਦੀ ਭਾਸ਼ਾ ਹੈ। ਸਾਡਾ ਪੁਰਾਣਾ ਗਿਆਨ, ਵਿਗਿਆਨ, ਭਗਵਾਨ ਵਾਲਮੀਕ ਜੀ ਦੀ ਸੰਸਕ੍ਰਿਤ ਭਾਸ਼ਾ ਵਿੱਚ ਹੀ ਸੁਰੱਖਿਅਤ ਹੈ। ਸਾਡੇ ਭਾਰਤ ਦੀ ਪ੍ਰਤੀਸ਼ਠਾ ਰਾਮਾਇਣ, ਮੋਕੋਸ਼ਪਾਯ (ਯੋਗਵਸਿਸ਼ਠ) ਅਤੇ ਅੱਕਸ਼ਰਲੱਛਣ, ਵਿਆਕਰਣ ਗ੍ਰੰਥਾਂ ਨਾਲ ਹੀ ਹੈ। ਸੰਸਕ੍ਰਿਤ ਭਾਸ਼ਾ ਵਿਗਿਆਨਕ ਹੈ। ਕੰਪਿਊਟਰ ਦੇ ਲਈ ਉਤਮ ਭਾਸ਼ਾ ਹੈ। ਸੰਸਕ੍ਰਿਤ ਭਾਸ਼ਾ ਸਰਲ, ਸਰਸ, ਮਧੁਰ, ਦੇਵਭਾਸ਼ਾ ਅਤੇ ਮਨੋਹਰ ਜਾਂ ਅੰਮ੍ਰਿਤ ਤੁਲਯ ਭਾਸ਼ਾ ਹੈ, ਅਨੁਸਟੂਪਛੰਦ ਦੇ ਪ੍ਰਭਾਵ ਤੋਂ ਵਿਦੇਸੀ ਵਿਦਵਾਨ ਵੀ ਬਹੁਤ ਪ੍ਰਭਾਵਿਤ ਹੋਏ ਉਨ੍ਹਾਂ ਨੇ ਵੀ ਅਪਣੀ ਭਾਸ਼ਾ ਦਾ ਨਿਰਮਾਣ ਭਗਵਾਨ ਵਾਲਮੀਕ ਜੀ ਦੇ ਸਿਧਾਂਤਾ ਅਨੁਸਾਰ ਬਣਾਇਆ, ਅਮਰੀਕਾ ਦੀ ਨਾਸਾ ਕੰਪਨੀ ਇਸ ਉਤੇ ਕਾਰਜ ਕਰ ਰਹੀ ਹੈ। ਜਰਮਨੀ ਨੇ ਮੌਕਸਪਾਏ ਯੋਗਵਸਿਸਟ ਦਾ ਮੰਗਲਾਚਰਨ ਛੱਡ ਕੇ ਅਨੁਵਾਦ ਕਰਕੇ ਗ੍ਰੰਥ ਜਰਮਨੀ ਭਾਸਾ ਵਿਚ ਅਨੁਵਾਦ ਕਰਵਾਇਆ ਹੈ। ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਸਾਡਾ ਭਾਰਤ ਦੇਸ ਸੰਸਕ੍ਰਿਤ ਨੂੰ ਭੁਲਦਾ ਜਾ ਰਿਹਾ ਹੈ। ਸਾਲ 2001 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਸੰਸਕ੍ਰਿਤ ਬੋਲਣ ਵਾਲੇ 14135 ਲੋਕ ਹੀ ਸਨ। ਅਗਰ ਇਸ ਤਰ੍ਹਾਂ ਦਾ ਹੀ ਹਾਲ ਰਿਹਾ ਤਾਂ ਉਹ ਦਿਨ ਦੂਰ ਨਹੀ ਕਿ ਸਾਨੂੰ ਸੰਸਕ੍ਰਿਤ ਭਾਸਾ ਸਿਖਣ ਲਈ ਬਾਹਰ ਜਾਣਾ ਪੈਣਾ ਹੈ। ਭਗਵਾਨ ਵਾਲਮੀਕ ਜੀ ਅਨੁਸਾਰ ਮਾਤਾ, ਪਿਤਾ, ਆਚਾਰਿਆ ਹੀ ਪ੍ਰਭੂ ਸਮਾਕਮ ਦੇਵਮ ਰਿਤਵਜਮ ਹਨ।ਅਰਥਾਤ ਮਾਤਾ, ਪਿਤਾ ਤੇ ਆਚਾਰਿਆਂ ਪਰਮਾਤਮਾ ਰੂਪ ਹੈ। ਇਸ ਦੀ ਪੂਜਾ ਕਰੋ। ਪ੍ਰੰਤੂ ਅਸੀ ਅਪਣੀ ਸੰਸਕ੍ਰਿਤੀ ਨੂੰ ਦੂਜਿਆ ਦੇ ਮਾਧਿਅਮ ਤੇ ਅਪਣਾ ਰਹੇ ਹਾਂ, ਅਸੀ Father day , Mother day, Teacher day ਮਨਾ ਰਹੇ ਹਾਂ। ਜ਼ਦ ਕਿ ਜਰਮਨੀ ਦੇ ਸਭ ਲੋਕ ਮੰਨਦੇ ਹਨ ਕਿ ਸਾਡੀ ਭਾਸ਼ਾ ਦਾ ਜਨਮ ਸੰਸਕ੍ਰਿਤ ਭਾਸ਼ਾ ਤੋਂ ਹੀ ਹੋਇਆ ਹੈ। ਇਸ ਤੋਂ ਇਲਾਵਾ ਡਚ, ਇਟਾਲੀਅਨ, ਸਪੈਨਿਸ਼, ਫਰੈਂਚ, ਰਸਿਅਨ, ਡੇਨਿਸ, ਪੁਰਤਗਾਲੀਅਸ ਆਦਿ ਸਭ ਮੂਲ ਭਾਸਾਂਵਾ ਹਨ। ਵਿਸਵ ਦੀਆ ਸਾਰੀਆ ਹੀ ਭਾਸਾਵਾ ਦਾ ਜਨਮ ਭਗਵਾਨ ਵਾਲਮੀਕ ਜੀ ਦੀ ਸੰਸਕ੍ਰਿਤ ਤੋਂ ਹੀ ਹੋਇਆ ਹੈ। ਜਰਮਨੀ ਦੀ ਏਅਰਲਾਈਨ ਕੰਪਨੀ ਦਾ ਨਾਮ ਲੁਫਤਹੰਸ਼ਾ ਹੈ। ਜਿਸ ਦਾ ਅਰਥ ਲੁਪਤ ਹੋਣਾ, ਅਰਥਾਤ ਖਤਮ ਹੋ ਜਾਣਾ ਹੈ। ਹੰਸ਼ ਦਾ ਅਰਥ ਇਕ ਵਧੀਆ ਚਿਟੇ ਰੰਗ ਦੇ ਪੰਛੀ ਹੈ। ਜਿਸ ਦਾ ਮਤਲਵ ਇਹ ਹੋਇਆ ਕਿ ਲੁਪਤ ਹੋਇਆ ਹੰਸ਼। ਇਨ੍ਹਾਂ ਭਾਸਾਵਾਂ ਵਿਚ ਵੀ ਸਬਦਰੂਪ ਤੇ ਧਾਤੂਰੂਪ ਹੁੰਦੇ ਹਨ। ਸੰਸਕ੍ਰਿਤ ਭਾਸ਼ਾ ਬੋਲਣ ਨਾਲ ਜੀਭ ਦੀਆਂ ਸਾਰੀਆ ਮਾਸਪੇਸੀਆਂ ਦਾ ਇਸਤੇਮਾਲ ਹੁੰਦਾ ਹੈ। ਅਤੇ ਬਲੱਡ ਪ੍ਰੇਸ਼ਰ ਵੀ ਠੀਕ ਰਹਿੰਦਾ ਹੈ। ਸੰਸਕ੍ਰਿਤ ਸਿਖਣ ਨਾਲ ਯਾਦ ਕਰਣ ਦੀ ਸਕਤੀ ਵੀ ਵੱਧਦੀ ਹੈ। ਜਿਸ ਤਰ੍ਹਾਂ ਜਾਪਾਨ ਦੀ ਭਾਸ਼ਾ ਜਾਪਾਨੀ ਹੈ। ਰੂਸ ਦੀ ਭਾਸ਼ਾ ਰੂਸੀ ਹੈ। ਸਪੈਨ ਦੀ ਭਾਸ਼ਾ ਸਪੈਨਿਸ਼ ਹੈ। ਭਾਰਤ ਦੀ ਭਾਸ਼ਾ ਸੰਸਕ੍ਰਿਤ ਹੋਣੀ ਚਾਹੀਦੀ ਹੈ। ਨਹੀ ਤਾਂ ਅਮਰੀਕਾ ਵਰਗੇ ਦੇਸਾਂ ਨੇ ਅਪਣਾ ਕਬਜਾ ਕਰ ਕੇ ਆਉਣ ਵਾਲੀ ਨਵੀ ਪੀੜੀ ਨੂੰ ਇਸ ਦਾ ਗਿਆਨ ਹੀ ਨਹੀ ਦੇਣਾ ਤੇ ਅਪਣਾ ਅਧਿਕਾਰ ਕਰ ਲੈਣਾ ਹੈ। ਅਪਣੀ ਸੰਸਕ੍ਰਿਤੀ ਨੂੰ ਜਾਣੋ ਤੇ ਪਹਿਚਾਣੋ ਤਦ ਹੀ ਦੇਸ ਤੱਰਕੀ ਤੇ ਪਹੁੰਚੇਗਾ।

### ਪੰਜਾਬ ਨੂੰ ਸੰਸਕ੍ਰਿਤ ਦੀ ਕੀ ਦੇਣ ਹੈ

ਪੰਜਾਬ ਨੂੰ ਸੰਸਕ੍ਰਿਤ ਦੀ ਬਹੁਤ ਵੱਡੀ ਦੇਣ ਹੈ। ਪੰਜਾਬ ਦਾ ਪੁਰਾਤਨ ਨਾਮ ਸਪਤਸਿੰਧ ਪ੍ਰਦੇਸ ਸੀ। ਯਾਨੀ ਕਿ ਸੱਤ ਦਰਿਆਵਾ ਦੀ ਧਰਤੀ ਇਸ ਰਾਮਾਇਣ ਕਾਲੀਨ ਸਮਾਜ ਦੀ ਉਤਪਤੀ ਈਸਾ ਤੋਂ ਹਜਾਰਾ ਸਾਲ ਪਹਿਲਾ ਦੀ ਹੈ। ਆਜਾਦੀ ਤੋਂ ਬਾਅਦ ਪੰਜਾਬ ਦੇ ਪੰਜ ਆਬ ਹੀ ਰਹਿ ਗਏ। ਪਰ ਰਮਾਇਣ ਕਾਲੀਨ ਕੁਝ ਯਾਦਾ ਰਹਿ ਗਈਆ ਹਨ, ਲਵ ਤੋਂ ਲਹੌਰ, ਕੁਸ਼ ਤੋਂ ਕਸੂਰ ਪਾਕਿਸਤਾਨ ਵਿਚ ਚਲਾ ਗਿਆ ਹੈ। ਅਮ੍ਰਿਤਸਰ ਸਹਿਰ ਨਾਲ ਸੰਸਕ੍ਰਿਤ ਦਾ ਗਹਿਰਾ ਸੰਬੰਧ ਹੈ। ਇਹ ਸਹਿਰ ਭਗਵਾਨ ਵਾਲਮੀਕ ਜੀ ਦੇ ਤੀਰਥ ਸਥਲਾ ਨਾਲ ਪੂਰੇ ਵਿਸਵ ਵਿਚ ਚਮਕ ਰਿਹਾ ਹੈ। ਇਥੇ ਭਗਵਾਨ ਵਾਲਮੀਕ ਆਸਰਮ ਦੀ ਕਥਾ ਤੋਂ ਸਭ ਜਾਣੂ ਹਨ।ਕਿ ਕਿਵੇ ਰਾਮ ਦਾ ਅਸਵਯੱਗ ਦਾ ਘੋੜਾ ਬੱਚਿਆ ਲਵ ਤੇ ਕੁਸ ਨੇ ਫੜਿਆ ਸੀ ਅਤੇ ਰਾਮ ਦੀ ਸਾਰੀ ਸੈਨਾ ਨੂੰ ਮੁਰਸਿਤ (ਬੇਹੋਸ) ਕਰ ਦਿਤਾ ਸੀ। ਹਨੂੰਮਾਨ, ਲਛਮਨ ਤੇ ਰਾਮ ਨੂੰ ਵੀ ਮੁਰਛਿਤ ਕਰ ਦਿਤਾ ਸੀ। ਫਿਰ ਸੀਤਾ ਜੀ ਦੇ ਕਹਿਣ ਤੇ ਭਗਵਾਨ ਵਾਲਮੀਕ ਜੀ ਨੇ ਅਮ੍ਰਿਤ ਜਲ ਛਿੜਕ ਕੇ ਸਭ ਸੈਨਾ ਨੂੰ ਸੰਜੀਵ ਕਰ ਦਿਤਾ ਸੀ, ਉਹ ਜਲ ਜੋ ਵਚ ਗਿਆ ਸੀ। ਉਸ ਨੂੰ ਜਮੀਨ ਵਿਚ ਦਬਾ ਦਿਤਾ ਸੀ। ਉਥੇ ਇਕ ਕੁੰਡ ਬਣ ਗਿਆ ਸੀ, ਉਥੇ ਗੁਰੂ ਰਾਮ ਦਾਸ ਜੀ ਨੇ ਸਵਰਨ ਮੰਦਿਰ ਦਾ ਨਿਰਮਾਣ ਕਰਵਾਇਆ ਸੀ ਜਿਥੇ ਅੱਜ ਬਹੁਤ ਹੀ ਪਵਿਤਰ ਤੀਰਕ ਸਥਲ ਹੈ,ਜਿਸ ਨੂੰ ਅਮ੍ਰਿਤਸਰ ਗੋਲਡਨ ਟੈਂਪਲ ਦੇ ਨਾਮ ਨਾਲ ਵੀ ਜਾਣਿਆ ਜਾਦਾ ਹੈ। ਕੁਝ ਕਿ ਦੂਰੀ ਤੇ ਭਗਵਾਨ ਵਾਲਮੀਕ ਤੀਰਥ ਆਸਰਮ ਵੀ ਹੈ।

ਜਿਥੇ ਲਵ ਤੇ ਕੁਸ਼ ਦਾ ਜਨਮ ਹੋਇਆ ਸੀ।

ਜਿਥੇ ਲਵ ਤੇ ਕੁਸ਼ ਨੇ ਵਿਦਿਆ ਹਾਸਿਲ ਕੀਤੀ ਸੀ। ਅੱਜ ਕਲ ਇਸ ਨੂੰ ਲਵ ਕੁਸ ਪਾਠਸਾਲਾ ਕਿਹਾ ਜਾਦਾ ਹੈ।

ਜਿਥੇ ਲਵ ਤੇ ਕੁਸ਼ ਨੇ ਰਾਮ ਦਾ ਅਸਵਮੇਘ ਯੱਗ ਦਾ ਘੋੜਾ ਫੜਿਆ ਸੀ।

ਭਗਵਾਨ ਜੀ ਦੇ ਚੇਲੇ ਧੂਨੀ ਲਗਾਉਦੇ, ਜਿਸ ਨੂੰ ਧੂਣਾ ਸਾਹਿਬ ਵੀ ਕਿਹਾ ਜਾਦਾ ਹੈ।

ਇਥੇ ਮਾਤਾ ਸੀਤਾ ਦਾ ਪਵਿੱਤਰ ਆਸਰਮ ਵੀ ਹੈ। ਜਿਸ ਨੂੰ ਤਪਸਾਲਾ ਕਿਹਾ ਜਾਦਾ ਹੈ।

ਇਥੇ ਉਹ ਸਥਾਨ ਵੀ ਹੈ। ਜਿਥੇ ਹਨੂਮਾਨ ਨੂੰ ਦਰਖਤ ਨਾਲ ਬੰਨ ਦਿਤਾ ਸੀ।

ਇਥੇ ਮਾਤਾ ਸੀਤਾ ਦਾ ਇਸਨਾਨ ਕਰਨ ਵਾਲੀ ਖੂਹੀ ਵੀ ਹੈ।ਇਸ ਖੂਹੀ ਤੇ ਇਸਨਾਨ ਕਰਨ ਤੇ ਸੰਤਾਨ ਦੀ ਪ੍ਰਾਪਤੀ ਹੁੰਦੀ ਹੈ।

ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਪੰਜਾਬ ਦੀ ਧਰਤੀ ਤੇ ਹੀ ਸੰਸਕ੍ਰਿਤ ਭਾਸ਼ਾ ਦਾ ਜਨਮ ਹੋਇਆ ਸੀ। ਪੰਜਾਬ ਹੀ ਭਾਰਤ ਦਾ ਇਕ ਪਵਿਤਰ ਸਥਾਨ ਹੈ, ਜਿਥੇ ਦੇਵਤਾਵਾਂ ਦਾ ਵਾਸ ਸੀ, ਇਥੇ ਦੀ ਧਰਤੀ ਉਪਜਾਉ ਹੈ, ਪੂਰੇ ਭਾਰਤ ਨੂੰ ਆਨਾਜ ਦੇਣ ਦੀ ਸਕਤੀ ਪੰਜਾਬ ਵਿਚ ਅੱਜ ਵੀ ਮੋਜੂਦ ਹੈ। ਸਾਨੂੰ ਅਪਣੇ ਪਵਿਤਰ ਪੰਜਾਬ ਨੂੰ ਬਚਾਉਣ ਦੀ ਜਰੂਰਤ ਹੈ, ਕੁਝ ਆਤਮਾਵਾ ਪੰਜਾਬ ਨੂੰ ਖਰਾਬ ਕਰਨ ਦੀ ਕੋਸਿਸ ਕਰ ਰਹੀਆ ਹਨ। ਸਾਨੂੰ ਇਨ੍ਹਾਂ ਤੋਂ ਪੰਜਾਬ ਨੂੰ ਜਰੂਰ ਬਚਾਉਣਾ ਹੈ। ਅੰਤ ਵਿਚ ਸੰਸਕ੍ਰਿਤ ਦੇ ਪਿਤਾਮਾ ਪ੍ਰਭੂ ਸ਼੍ਰੀ ਭਗਵਾਨ ਵਾਲਮੀਕ ਜੀ ਨੂੰ ਮੇਰਾ ਕੋਟਿ-ਕੋਟਿ ਪ੍ਰਣਾਮ।

### ਭਗਵਾਨ ਵਾਲਮੀਕਿ ਜੀ ਦੇ ਉਪਦੇਸ਼ ਅਤੇ ਸਿੱਖਿਆਵਾਂ

ਪੂਰਾ ਵਿਸ਼ਵ ਆਪਜੀ ਦੇ ਦਿਖਾਏ ਰਸਤੇ ਤੇ ਹੀ ਚਲ ਰਿਹਾ ਹੈ। ਮੈਂ ਤਾਂ ਕੁੱਝ ਸਿੱਖਿਆਵਾਂ ਅਤੇ ਉਪਦੇਸ਼ ਦਾ ਵਰਣਨ ਕਰ ਰਿਹਾ ਹਾਂ। ਰਾਮਾਇਣ ਵਿੱਚ 24000 ਸ਼ਲੋਕ ਅਤੇ ਮੌਕਸਪਾਏ ਵਿਸ਼ਾਲ ਗ੍ਰੰਥ ਵਿੱਚ 32000 ਸ਼ਲੋਕ ਹਨ। ਕੁੱਲ 56000 ਸ਼ਲੋਕ ਜੇ ਲਾਈਨਾਂ ਗਿਣਿਆਂ ਜਾਣ ਤਾਂ 1,12,000 ਇੱਕ ਲੱਖ ਬਾਰਾਂ ਹਜ਼ਾਰ ਬਣਦੀਆਂ ਹਨ।ਜੋ ਕਿ ਇਸ ਥੋੜੇ ਜਿਹੇ ਜਨਮ ਵਿੱਚ ਸ਼ਾਇਦ ਹੀ ਪੂਰੀਆਂ ਹੋ ਸਕਣ।ਭਗਵਾਨ ਵਾਲਮੀਕਿ ਜੀ ਨੇ ਜੀਵ ਦੇ ਮਰਣ ਤੋਂ ਪਹਿਲਾਂ ਅਤੇ ਮਰਣ ਤੋਂ ਬਾਅਦ ਤੱਕ ਉਪਦੇਸ਼ ਦਿੱਤੇ ਹਨ। ਕੁੱਝ ਦੀਆਂ ਸਿੱਖਿਆਵਾਂ ਨੂੰ ਅੱਗੇ ਦੱਸਿਆ ਜਾ ਰਿਹਾ ਹੈ।

### ਗਿਆਨ ਪ੍ਰਾਪਤੀ ਲਈ ਵੈਰਾਗ ਦੀ ਭਾਵਨਾ ਦਾ ਪੈਦਾ ਹੋਣਾ ਜਰੂਰੀ

1. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਕੁੱਝ ਵੀ ਸਥਿਰ ਨਹੀ ਹੈ।ਇਹ ਸਾਰੀਆਂ ਵਸਤੂਆਂ ਅਨਿੱਤ

(ਬਾਕੀ ਅਗਲੇ ਸਫੇ 'ਤੇ)

# LAHORE: The 200-year-old holy book of Sikhism has been placed in the Palki Sahib of the Lahore Museum








Journalist Babar Jalalandhari

**LAHORE:** The 200-year-old holy book of Sikhism has been placed in the Palki Sahib of the Lahore Museum.

It has also been decided that separate galleries containing artefacts of the Sikh community will be created in the museum. Hundreds of artefacts belonging to the Buddhist, Hindu, Jain and Sikh communities are preserved in the Lahore Museum. Among the artefacts is the principal scripture, Guru Granth Sahib, written by the 10 gurus of Sikhism. The scripture is regarded by the Sikh community as the final, sovereign and eternal living guru. This scripture was written at the start of the 18th century which was preserved in the era of Maharaja Ranjit Singh. Later, this rare manuscript became a part of the Lahore Museum.

According to Sikhism, there are special ways and methods of preserving the Guru Granth Sahib. The Lahore Museum has placed the scripture in the Palki Sahib, keeping in mind the religious traditions of the Sikh community. The gift of Palki Sahib was given by a local Sikh Sangat. Palki Sahib has been specially prepared. Gallery In-charge Aliza Rizvi told The Express Tribune that if there are any scriptures among the preserved antiquities, we always consider the rituals of the religion while preserving them. "Members of the Sikh community place the Guru Granth Sahib in the Palki Sahib so we follow their traditional ways by keeping this ancient scripture in the Palki Sahib.

She maintained that the museum has a large number of scriptures from the Sikh era which is why there was a need to create a separate gallery for Sikh scriptures. The gallery of scriptures will be created in the next few days. Government College Professor Kalyan Singh said that his fifth Guru, Guru Arjan Devji, started the arrangement of Guru Granth Sahib in the year 1603. In addition to the first four Gurus of the Sikhs, the books of Muslim Sufis and Hindu devotees have also been included.

The arrangement of the Guru Granth Sahib was completed in 1604. Later, the works of the remaining five Guru Sahibs were added. The book of the 10th Guru, Gobind Singh, is known by the name of Dasam Granth. The 10th Guru of the Sikhs issued an order in 1708, a year before his death that there will be no guru after him and that Guru Granth Sahib should be considered as the community's book of guidance.

Guru Granth Sahib consists of 5,894 poems in which the works of 10 gurus and 15 Muslim Sufis and Hindu devotees are included. Granth Sahib is divided and organised into 18 different chords. Many languages are used in Guru Granth Sahib including Punjabi, Multani or Seraiki, Persian, Prakrit, Hindi, and Marathi. In addition to Hindi and Punjabi, knowledge of Persian is essential for its basic understanding.

Another old scripture of Guru Granth Sahib is also preserved in the Sikh Gallery of the Shahi Qila in Lahore. In 2016, at the request of the then Sikh Member of Provincial Assembly Sardar Ramesh Singh Arora, the Punjab Archeology Department submitted a reply in the assembly that they had only one scripture of Guru Granth Sahib preserved in the Sikh Gallery of Shahi Qila.

However, according to the Pakistan Sikh Gurdwara Parbandhak Committee, the 10th guru, Gobind Singh Ji, declared the 1,100-paged version of Guru Granth Sahib as obsolete. The existing Guru Granth Sahib consists of 1,430 pages. The scripture of the Guru Granth Sahib preserved in the Lahore Museum is ancient and handwritten.

The holy book of Sikhism has been placed in the Palki Sahib as per the Sikh community's religious tradition and there is fear among Sikh followers that this ancient scripture will be lost if it is repeatedly touched. The Guru Granth Sahib has been kept in a safe place Palki Sahib, behind glass, in the museum of Lahore so that it cannot be touched and remains preserved.

# ਸੰਸਕ੍ਰਿਤ ਭਾਸ਼ਾ ਦੇ ਪਿਤਾਮਾ ਭਗਵਾਨ ਵਾਲਮੀਕ

(ਸਫਾ 20 ਦੀ ਬਾਕੀ)

ਹਨ ਅਰਥਾਤ ਅਸਥਿਰ ਹਨ।

2. ਭਗਵਾਨ ਵਾਲਮੀਕ ਜੀ ਅਨੁਸਾਰ ਸਾਰੇ ਪ੍ਰਕਾਰ ਦੇ ਭੋਗ ਪਦਾਰਥ ਵਿਨਾਸ਼ਸ਼ੀਲ ਹਨ ਅਤੇ ਮਨ ਨੂੰ ਦੁੱਖਦਾਈ ਬਣਾਉਂਦੇ ਹਨ।

3. ਭਗਵਾਨ ਵਾਲਮੀਕ ਜੀ ਅਨੁਸਾਰ ਸਾਰੇ ਸੁੱਖ ਕੇਵਲ ਦੁੱਖ ਦੇ ਲਈ ਹਨ ਅਤੇ ਦੁੱਖ ਤੋ ਬਾਅਦ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

4. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਜੀਵ ਮਰਣ ਦੇ ਲਈ ਪੈਦਾ ਹੁੰਦਾ ਹੈ ਅਤੇ ਪੈਦਾ ਹੋਣ ਦੇ ਲਈ ਮਰਦਾ ਹੈ।

5. ਭਗਵਾਨ ਵਾਲਮੀਕ ਜੀ ਅਨੁਸਾਰ ਇਸਤਰੀ ਦੀ ਸੁੰਦਰਤਾ ਹੀ ਮੋਹ ਦਾ ਕਾਰਣ ਹੈ।ਉਸਨੂੰ ਪ੍ਰਾਪਤ ਕਰਨ ਦੇ ਲਈ ਪ੍ਰਾਣੀ ਕੁੱਝ ਵੀ ਕਰ ਜਾਂਦਾ ਹੈ। ਇਹ ਹੀ ਮੋਹ ਦਾ ਕਾਰਨ ਹੈ।

6. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਵਿਸ਼ਵ ਨੂੰ ਪ੍ਰਾਪਤ ਕਰਨ ਦੀ ਭਾਵਨਾ ਹੀ ਸੰਸਾਰ ਨਾਲ ਬੰਨਦੀ ਹੈ।,

7. ਰਾਜਾ ਅਰਿਸਟਨੇਮਿ ਜੀ ਨੇ ਆਪਣਾ ਰਾਜ ਪਾਠ ਤਿਆਗ ਕੇ ਭਗਵਾਨ ਵਾਲਮੀਕਿ ਜੀ ਦੇ ਚਰਣਾਂ ਵਿੱਚ ਆਕੇ ਸ਼ਰਣ ਲਈ ਅਤੇ ਮੋਕਸ਼ ਦੀ ਪ੍ਰਾਪਤ ਕੀਤੀ।

### ਸੰਸਾਰਿਕ ਦੁੱਖਾਂ ਦਾ ਕਾਰਣ ਅਗਿਆਨ ਹੈ

8. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰ ਅਗਿਆਨੀ ਪ੍ਰਾਣੀ ਦੀ ਮੁਰਖਤਾ ਨਾਲ ਹੀ ਚਲ ਰਿਹਾ ਹੈ। ਅਗਿਆਨੀ ਨੂੰ ਹੀ ਸੁੱਖ ਅਤੇ ਦੁੱਖ ਹੁੰਦੇ ਹਨ।

9. ਭਗਵਾਨ ਵਾਲਮੀਕ ਜੀ ਅਨੁਸਾਰ ਸੁੱਖ ਅਤੇ ਦੁੱਖ ਨਾ ਸਰੀਰ ਹੁੰਦੇ ਹਨ ਅਤੇ ਆਤਮਾ ਨੂੰ ਹੁੰਦੇ ਹਨ। ਅਗਿਆਨਤਾ ਨਾਲ ਹੀ ਇਸਦੀ ਅਨੁਭੂਤੀ ਹੁੰਦੀ ਹੈ।ਅਗਿਆਨਤਾ ਦੇ ਨਸ਼ਟ ਹੋਣ ਨਾਲ ਹੀ ਇਸ ਦਾ ਅਸਰ ਵੀ ਨਸ਼ਟ ਹੋ ਜਾਂਦਾ ਹੈ।

10. ਭਗਵਾਨ ਵਾਲਮੀਕ ਜੀ ਅਨੁਸਾਰ ਸਾਡੀਆਂ ਮਨ ਦੀ ਇੱਛਾਵਾਂ ਹੀ ਵਸਤੂ ਦੇ ਸੁੱਖ ਅਤੇ ਦੁੱਖ ਦਾ ਆਭਾਸ (ਕਮੀ) ਉਤਪੰਨ ਕਰਦੀ ਹੈ।

11. ਭਗਵਾਨ ਵਾਲਮੀਕ ਜੀ ਅਨੁਸਾਰ ਹਰੇਕ ਪ੍ਰਕਾਰ ਦੇ ਦੁੱਖਾਂ ਦਾ ਅੰਤ ਆਤਮਾ ਗਿਆਨ ਨਾਲ ਹੁੰਦਾ ਹੈ। ਆਤਮ ਗਿਆਨੀ ਨੂੰ ਕਦੇ ਦੁੱਖ (ਸ਼ੋਕ) ਨਹੀਂ ਹੁੰਦਾ ਹੈ।

12. ਭਗਵਾਨ ਵਾਲਮੀਕ ਜੀ ਅਨੁਸਾਰ ਆਤਮਪਦ ਦੀ ਪ੍ਰਾਪਤੀ ਦੇ ਲਈ ਗਿਆਨ ਅਤੇ ਕਰਮ ਦਾ ਹੋਣਾ ਅਤਿ ਜ਼ਰੂਰੀ ਹੈ। ਜਿਵੇਂ ਉੱਡਣ ਦੇ ਲਈ ਦੋ ਖੰਭਾਂ ਦੀ ਜ਼ਰੂਰਤ ਹੁੰਦੀ ਹੈ।ਇਕ ਖੰਭ ਨਾਲ ਉਡਿਆ ਨਹੀ ਜਾ ਸਕਦਾ ਹੈ।

13. ਭਗਵਾਨ ਵਾਲਮੀਕ ਜੀ ਅਨੁਸਾਰ ਬੁੱਧੀਮਾਨ ਪੁਰਸ਼ ਦੁੱਖੀ ਸੰਸਾਰ ਰੂਪੀ ਸਮੁੰਦਰ ਨੂੰ ਗਿਆਨ ਰੂਪੀ ਨੋਕਾ ਦੁਆਰਾ ਆਸਾਨੀ ਨਾਲ ਪਾਰ ਕਰ ਲੈਦੇ ਹਨ।

14. ਭਗਵਾਨ ਵਾਲਮੀਕ ਜੀ ਅਨੁਸਾਰ ਮਨ ਦੀ ਸ਼ਾਂਤੀ ਦੇ ਲਈ ਆਤਮ ਗਿਆਨ ਦਾ ਹੋਣਾ ਅਤਿ ਜ਼ਰੂਰੀ ਹੈ।

15. ਭਗਵਾਨ ਵਾਲਮੀਕ ਜੀ ਅਨੁਸਾਰ ਆਤਮ ਗਿਆਨੀ ਸੰਸਾਰਿਕ ਭੋਗਾਂ ਦੇ ਪਿੱਛੇ ਨਹੀ ਭੱਜਦੇ ਹਨ। ਉਨ੍ਹਾਂ ਦੀ ਬੁੱਧੀ ਸਥਿਰ ਹੈ।

16. ਭਗਵਾਨ ਵਾਲਮੀਕ ਜੀ ਅਨੁਸਾਰ ਯੋਗ ਦੁਆਰਾ ਆਤਮਾ ਵਿੱਚ ਸਥਿਤੀ ਪ੍ਰਾਪਤ ਕਰ ਲੈਣ ਤੇ ਸੰਸਾਰਿਕ ਵਸਤੂਆਂ ਦਾ ਅਸਰ ਨਹੀ ਰਹਿੰਦਾ ਹੈ।

17. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰ ਦਾ ਵਿਸਤਾਰ ਮਨ ਦੇ ਸੰਕਲਪ ਦੁਆਰਾ ਹੀ ਹੁੰਦਾ ਹੈ।ਸੰਸਾਰਿਕ ਦੁੱਖਾਂ ਦਾ ਖਾਤਮਾ ਪੁਰਸ਼ਾਰਥ ਦੇ ਦੁਆਰਾ ਹੁੰਦਾ ਹੈ

18. ਭਗਵਾਨ ਵਾਲਮੀਕ ਜੀ ਅਨੁਸਾਰ ਦੈਵ ਕੁੱਝ ਨਹੀਂ ਕਰਦਾ, ਇਹ ਇਕ ਕਲਪਨਾ ਮਾਤਰ ਹੈ। ਭਗਵਾਨ ਵਾਲਮੀਕਿ ਜੀ ਨੇ ਕਿਹਾ ਹੈ ਕਿ 'ਪੁਰਸ਼ਾਰਥ ਹੀ ਦੇਵੋਭਵਾਹ:' ਅਰਥਾਤ ਪੁਰਸ਼ਾਰਥ ਹੀ ਦੇਵ ਹੈ।

19. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰਿਕ ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੀ ਹੁੰਦਾ ਹੈ।

20. ਭਗਵਾਨ ਵਾਲਮੀਕ ਜੀ ਅਨੁਸਾਰ ਕੋਈ ਵਿਅਕਤੀ (ਪ੍ਰਾਣੀ) ਉਦਯੋਗ ਨੂੰ ਛੱਡਕੇ ਕਿਸਮਤ ਦੇ ਭਰੋਸੇ ਬੈਠ ਜਾਵੇ ਤਾਂ ਉਹ ਮੁਰਖ ਹੈ। ਉਹ ਆਪਣੇ ਆਪ ਦਾ ਹੀ ਦੁਸ਼ਮਣ ਹੈ।

21. ਭਗਵਾਨ ਵਾਲਮੀਕ ਜੀ ਅਨੁਸਾਰ ਬੁੱਧੀਮਾਨ ਵਿਅਕਤੀ ਆਪਣੇ ਪੁਰਸ਼ਾਰਥ ਦੁਆਰਾ ਉੱਤਮ ਪਦ ਨੂੰ ਪ੍ਰਾਪਤ ਕਰਦਾ ਹੈ।

22. ਭਗਵਾਨ ਵਾਲਮੀਕ ਜੀ ਅਨੁਸਾਰ ਦੇਵ ਦੀ ਕਲਪਨਾ ਕੇਵਲ ਘੱਟ ਬੁੱਧੀ ਵਾਲਿਆਂ ਅਰਥਾਤ ਮੁਰਖਾਂ ਦੀ ਕਲਪਨਾ ਹੈ। ਇਹ ਨਾਸ਼ ਦੇ ਵੱਲ ਲੈ ਜਾਂਦੀ ਹੈ।

23. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰ ਵਿੱਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੋਈ ਧਨੀ ਅਤੇ ਕੋਈ ਵਿਦਵਾਨ ਨਾ ਹੁੰਦਾ।

24. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਕੋਈ ਅਜਿਹਾ ਪਦਾਰਥ ਨਹੀਂ ਜੋ ਪੁਰਸ਼ਾਰਥ ਦੁਆਰਾ ਪ੍ਰਾਪਤ ਨਾ ਕੀਤਾ ਜਾਵੇ।

25. ਭਗਵਾਨ ਵਾਲਮੀਕ ਜੀ ਅਨੁਸਾਰ ਕਿਸੀ ਵਿਸ਼ੇ ਨੂੰ ਪ੍ਰਾਪਤ ਕਰਨ ਦੇ ਲਈ ਖੁਦ ਨੂੰ ਹੀ ਪ੍ਰਯਤਨ ਕਰਨਾ ਪੈਂਦਾ ਹੈ।

26. ਭਗਵਾਨ ਵਾਲਮੀਕ ਜੀ ਅਨੁਸਾਰ ਪ੍ਰਾਣੀ ਦੇ ਪੁਰਸ਼ਾਰਥ ਦੁਆਰਾ ਉਸਦੇ ਪੂਰਬ ਦੇ ਅਸ਼ੁਭ ਕਰਮ ਸ਼ਾਂਤ ਹੋ ਜਾਂਦੇ ਹਨ।

27. ਭਗਵਾਨ ਵਾਲਮੀਕ ਜੀ ਅਨੁਸਾਰ ਸਾਰੇ ਪ੍ਰਕਾਰ ਦੇ ਦੁੱਖਾਂ ਨੂੰ ਨਸ਼ਟ ਕਰਨ ਦਾ ਇਕ ਮਾਤਰ ਮਾਰਗ ਪੁਰਸ਼ਾਰਥ ਹੀ ਹੈ।

28. ਭਗਵਾਨ ਵਾਲਮੀਕ ਜੀ ਅਨੁਸਾਰ ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੀ ਹੁੰਦਾ ਹੈ।

29. ਭਗਵਾਨ ਵਾਲਮੀਕ ਜੀ ਅਨੁਸਾਰ ਜੋ ਵਿਅਕਤੀ ਦੇਵ ਦੇ ਸਹਾਰੇ ਬੈਠੇ ਹਨ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ।

30. ਭਗਵਾਨ ਵਾਲਮੀਕ ਜੀ ਅਨੁਸਾਰ ਤ੍ਰਿਲੋਕੀ ਵਿੱਚ ਕੋਈ ਅਜਿਹੀ ਵਸਤੂ ਨਹੀ ਜਿਸ ਨੂੰ ਪੁਰਸ਼ਾਰਥ ਤੋਂ ਪ੍ਰਾਪਤ ਨਾ ਕੀਤਾ ਜਾ ਸਕੇ।

ਆਤਮ ਗਿਆਨ ਦੀ ਪ੍ਰਾਪਤੀ ਲਈ ਹੇਠਾਂ ਲਿਖੇ ਉਪਾਅ ਜਰੂਰੀ

31. ਭਗਵਾਨ ਵਾਲਮੀਕ ਜੀ ਅਨੁਸਾਰ ਵਿਸ਼ੇ ਤੇ ਵਿਚਾਰ ਹੀ ਆਤਮ ਗਿਆਨ ਹੈ। ਇਸ ਦੇ ਲਈ ਤਪ, ਦਾਨ, ਇਸ਼ਨਾਨ, ਤੀਰਥ ਦੀ ਕੋਈ ਜ਼ਰੂਰਤ ਨਹੀ ਹੁੰਦੀ ਹੈ।

32. ਭਗਵਾਨ ਵਾਲਮੀਕ ਜੀ ਅਨੁਸਾਰ ਰਾਮਾਇਣ ਅਤੇ ਮੋਕਸ਼ਪਾਏ ਸ਼ਾਸ਼ਤਰਾਂ ਦੇ ਸ਼ਰਵਨ ਨਾਲ, ਮਨਨ ਨਾਲ, ਅਤੇ ਸੱਜਣਾਂ ਦੀ ਸੰਗਤ ਤੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

33. ਭਗਵਾਨ ਵਾਲਮੀਕ ਜੀ ਅਨੁਸਾਰ ਆਤਮ ਗਿਆਨ ਕੇਵਲ ਖੁਦ ਵਿਚਾਰ ਕਰਨ ਨਾਲ ਹੁੰਦਾ ਹੈ।

34. ਭਗਵਾਨ ਵਾਲਮੀਕ ਜੀ ਅਨੁਸਾਰ ਦੁੱਖ, ਸੰਤੋਸ਼, ਵਿਚਾਰ ਅਤੇ ਸਾਧੂ-ਸੰਗ ਇਹ ਚਾਰ ਮੋਕਸ਼ ਦੇ ਦਵਾਰਪਾਲ ਹਨ। ਇਨ੍ਹਾਂ ਨੂੰ ਪ੍ਰਾਪਤ ਕਰਨ ਨਾਲ ਮੋਕਸ਼ ਰੂਪੀ ਰਾਜਮਹਿਲ ਦੇ ਦਰਵਾਜ਼ੇ ਸਦਾ ਦੇ ਲਈ ਖੁੱਲ੍ਹ ਜਾਂਦੇ ਹਨ ਅਤੇ ਅਮਰ ਪਦ ਨੂੰ ਪ੍ਰਾਪਤ ਹੁੰਦੇ ਹਨ।

35. ਭਗਵਾਨ ਵਾਲਮੀਕ ਜੀ ਅਨੁਸਾਰ ਸੱਜਣਾਂ ਦੇ ਸੰਗ, ਮਨ ਦੇ ਅੰਧਕਾਰ ਨੂੰ ਦੂਰ ਕਰਨ ਵਾਲਾ ਗਿਆਨ ਰੂਪੀ ਸੂਰਜ ਦਾ ਪ੍ਰਕਾਸ਼ ਰੂਪ ਹੈ।

36. ਗਿਆਨ ਦੀਆਂ ਸੱਤ ਭੂਮਿਕਾਵਾਂ ਹਨ। ਅਗਿਆਨ ਦੀਆਂ ਸੱਤ ਭੂਮਿਕਾਵਾਂ ਹਨ।

37. ਭਗਵਾਨ ਵਾਲਮੀਕ ਜੀ ਅਨੁਸਾਰ ਆਤਮਾ ਦੇ ਦਰਸ਼ਨ ਸ਼ੁੱਧ ਬੁੱਧੀ ਨਾਲ ਹੁੰਦੇ ਹਨ। ਇਸਦੇ ਲਈ ਕਿਸੀ ਸ਼ਾਸ਼ਤਰ ਅਤੇ ਗੁਰੂ ਦੀ ਜ਼ਰੂਰਤ ਨਹੀਂ ਹੈ।

38. ਭਗਵਾਨ ਵਾਲਮੀਕ ਜੀ ਅਨੁਸਾਰ ਆਤਮਗਿਆਨ ਤੋਂ ਬਿਨਾਂ ਮੋਕਸ਼ ਦੀ ਪ੍ਰਾਪਤੀ ਨਹੀ ਹੋ ਸਕਦੀ ਹੈ। ਵਿਸੇ ਦੀ ਜਾਣਕਾਰੀ ਬਿਨਾਂ ਆਤਮ ਗਿਆਨ ਅਸੰਭਵ ਹੈ।

## ਗੀਤ

ਬਾਰਵੀਂ ਤੋਂ ਬਾਦ ਕਹਿੰਦਾ ਪੜ੍ਹਨਾ ਨਹੀਂ ਐਥੇ
ਤੁਹਾਡੇ ਵਾਂਗੂ ਧੁੱਪਾਂ ਵਿੱਚ ਸੜਨਾ ਨਹੀਂ ਐਥੇ
ਸਾਢੇ ਛੇ ਬੈਂਡ ਲੈ ਕੇ ਆਈਲੈਂਟ ਹੋ ਗਿਆ।
ਮੁੰਡਾ ਜਾ ਕੇ ਕਨੇਡਾ ਵਿੱਚ ਸੈਟ ਹੋ ਗਿਆ।

ਯਾਰਾਂ ਬੇਲੀਆਂ ਦੇ ਨਾਲ ਅੱਡਿਆਂ ਤੇ ਬਹਿੰਦਾ
ਮੇਲਿਆਂ ਮਸੀਤਾਂ ਉੱਤੇ ਗੇੜਾ ਨਿੱਤ ਰਹਿੰਦਾ
ਚੌਵੀ ਘੰਟੇ ਉਹਦਾ ਸਾਥੀ ਬੱਸ ਨੈੱਟ ਹੋ ਗਿਆ।
ਹੁਣ ਜਾ ਕੇ ਕਨੇਡਾ ਵਿੱਚ ਸੈਟ ਹੋ ਗਿਆ।

ਮਾਂ ਬਾਪੂ ਦੀ ਨਾ ਕਦੇ ਸੀ ਜੋ ਗੱਲ ਜਰਦਾ
ਹੁਣ ਦਿਨੇ ਨੂੰ ਕਲਾਸਾਂ, ਰਾਤੀ ਕੰਮ ਕਰਦਾ
ਕਹਿੰਦਾ ਡੈਡੀ ਸਿਰ ਕਿੰਨਾ ਸਾਰਾ ਡੈਟ ਹੋ ਗਿਆ।
ਮੁੰਡਾ ਆ ਕੇ ਕਨੇਡਾ ਵਿੱਚ ਸੈਟ ਹੋ ਗਿਆ.

ਪਿੰਡੋਂ ਸੋਚ ਕੇ ਸੀ ਆਇਆ ਇੱਥੇ ਐਸ਼ ਕਰਾਂਗੇ
ਕੀ ਪਤਾ ਸੀ ਕਿ ਲੰਗਰਾਂ ਨਾ ਢਿੱਡ ਭਰਾਂਗੇ
'ਪੰਮੀ' ਸਾਰਾ ਕੁੱਝ ਭਾਂਵੇਂ ਅੱਪਸੈਟ ਹੋ ਗਿਆ।
ਵੈਸੇ ਮੁੰਡਾ ਤਾਂ ਕਨੇਡਾ ਵਿੱਚ ਸੈਟ ਹੋ ਗਿਆ।



– ਡਾ. ਪਰਮਜੀਤ ਚੁੰਬਰ

## ਸ਼ੇਰ-ਏ-ਪੰਜਾਬ

ਭਾਰਤ ਮਾਂ ਦੇ ਪੁੱਤ ਪੰਜਾਬ ਸਿਆਂ ਕਿਧਰ ਗਿਆ
ਪਤਾ ਲੱਗਿਆ ਤੇਰੇ ਸੱਟਾਂ ਲੱਗੀਆਂ ਤਾਹੀਉਂ ਪੱਤਰੇ ਵਾਚ ਗਿਆ
ਮਾਰ ਗਏ ਉਹੀ ਸੱਟਾਂ ਜੀਹਨੂੰ ਕੀਤੀਆਂ ਹੱਥੀਂ ਛਾਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ ਤੈਨੂੰ ਕਿੱਥੋਂ ਲੱਭ ਕੇ ਲਿਆਵਾਂ।

ਤੇਰੇ ਭਰਾ ਹਿਮਾਚਲ ਤੇ ਹਰਿਆਣਾ ਦੋਵੇਂ ਲੜਦੇ ਰਹਿੰਦੇ
ਵੰਡਣ ਵੇਲੇ ਰੱਖਿਆ ਕੁਝ ਨਾਂ ਨਾ ਉਹ ਟਿਕ ਕੇ ਬਹਿੰਦੇ
ਨਹਿਰਾਂ ਨਲਕੇ ਪੱਟਕੇ ਲੈ ਗਏ ਮਰ ਗਈਆਂ ਮੱਝੀਆਂ ਗਾਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ ਤੈਨੂੰ ਕਿੱਥੋਂ ......

ਧੀ ਧਰਤੀ ਤੇਰੀ ਆਜ਼ਾਦੀ ਮਗਰੋਂ ਉਹ ਵੀ ਘਰੋਂ ਤਾਂ ਕੱਢ ਤੀ
ਕੱਢ ਕੇ ਵੀ ਬੱਸ ਢਿੱਡ ਨਾ ਭਰਿਆ ਟੁਕੜੇ ਟੁਕੜੇ ਕਰਤੀ
ਹਰ ਟੁਕੜੇ ਵਿਚੋਂ ਅੱਗ ਨਿਕਲਦੀ ਦੱਸ ਮੈਂ ਕਿਵੇਂ ਬੁਝਾਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ ਤੈਨੂੰ ਕਿੱਥੋਂ ......

ਤੇਰੀ ਮਾਂ ਮਤਰੇਈ ਦਿੱਲੀ ਨੇ ਵੀ ਕਸਰ ਕੋਈ ਨਾ ਛੱਡੀ
ਉਜਾੜ ਦਿੱਤੇ ਘਰ ਵੱਸਦੇ ਬਣ ਕੇ ਬਹਿ ਗਈ ਦੁਸ਼ਮਣ ਵੱਡੀ
ਨਾ ਕੋਈ ਸੁਣਦਾ ਕੀਹਨੂੰ ਦੱਸੀਏ ਭੰਨ ਤੀਆਂ ਡੋਲਿਉਂ ਬਾਹਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ ਤੈਨੂੰ ਕਿੱਥੋਂ ......

ਆਖਿਰ ਹਾਰ ਹੰਭ ਕੇ ਲੱਭਣ ਲਈ ਫਿਰ 'ਦੇਵ' ਨੇ ਕਰੀ ਤਿਆਰੀ
ਉਹਨੇ ਲੱਭ ਲਿਆ ਤੇਰਾ ਝੰਡਾ ਤੇਰੇ ਲਈ ਜੰਗ ਰਹੂਗੀ ਜਾਰੀ
ਜਿਉਂਦਾ ਲੱਭ ਕੇ ਛੱਡਾਂਗੇ ਸਾਰੇ ਕਰਦੇ ਅੱਜ ਦੁਆਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ ਤੈਨੂੰ ਕਿੱਥੋਂ ਲੱਭ ਕੇ ਲਿਆਵਾਂ।



– ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

## ਮੰਦਰ

ਇਕ ਮੰਦਰ ਉਸਾਰਦੇ ਹੋ,
ਇਕ ਮੰਦਰ ਢਾਹੁੰਦੇ ਹੋ।

ਸਮਝ ਨਹੀਂ ਆਉਂਦੀ
ਭਗਵਾਨ ਉਥੇ ਨਹੀਂ ਵਸਦਾ?

ਮਨ ਦੀ ਸੋਚ ਹੀ ਛੋਟੀ ਲੱਗਦੀ ਹੈ
ਭਗਵਾਨ ਤਾਂ ਸਭ ਥਾਂ ਇਕ ਹੈ।

ਉਹ ਕਦੇ ਨਫਰਤ ਨਹੀਂ ਫੈਲਾਉਂਦਾ
ਪਿਆਰ ਦਾ ਹੀ ਹੋਕਾ ਦਿੰਦਾ ਉਹ।

ਬੱਸ ਇਕ ਗਰੀਬ ਦਾ ਭਗਵਾਨ ਹੈ
ਇਕ ਅਮੀਰ ਦਾ ਭਗਵਾਨ ਹੈ।

ਚਾਹੇ ਤੁਗਲਕਾਬਾਦ ਹੋਵੇ
ਚਾਹੇ ਹੋਵੇ ਅਯੁੱਧਿਆ ਦਾ।

'ਰੱਬ ਇਕ ਹੈ'
ਕਿਉਂ ਵੱਖਰੇ-ਵੱਖਰੇ ਹੋਕੇ ਦਿੰਦੇ ਹੋ।

ਇਕ ਦਾ ਗੁਰੂ ਰਾਮਾਨੰਦ
ਇਕ ਦਾ ਗੁਰੂ ਅਸ਼ਟਵੱਕਰ।

ਹੈ ਤਾਂ ਦੋਵੇਂ ਹਿੰਦ ਦੇ ਪੁਜਾਰੀ
ਫਿਰ ਕਿਉਂ ਮੰਦਿਰ ਢਾਹੁੰਦੇ ਹੋ,
ਪਿਆਰ ਬੀਜੋ ਨਫਰਤ ਢਾਹੋ।

ਸੁਖਚਰਨ ਸਿੰਘ ਸਾਹੋਕੇ
91-79863-59576



## ਆਦਿ-ਧਰਮ ਦਾ ਬਾਨੀ ਬਾਬਾ ਮੁੱਗੋਵਾਲੀਆ

**ਦਰਵੇਸ਼ ਕਵੀ ਨਰਿੰਦਰ ਖੇਦੀ**

ਜਿਸ ਧਰਮ ਨੇ ਪੱਛੜੇ ਲੋਕਾਂ ਦੀ,
ਆ ਦਿੱਤੀ ਝੁਣ ਜੁਆਨੀ ਏ।
ਜਿਸ ਆਦਿ-ਧਰਮ ਦੇ ਨਾਰ੍ਹੇ 'ਤੇ,
ਇਕ ਆਈ ਨਵੀਂ ਰਵਾਨੀ ਏ।
ਅੱਜ ਜਿਸ ਦੇ ਸਦਕੇ ਭਾਰਤ ਵਿਚ,
ਪੱਛੜੇ ਦੀ ਤੋਰ ਤੂਫਾਨੀ ਏ।
ਅੱਜ ਕੁੱਲੀਆਂ ਢਾਰਿਆਂ ਦੇ ਅੰਦਰ,
ਆ ਝਾਕ ਪਈ ਜਿੰਦਗਾਨੀ ਏ।

ਸਦੀਆਂ ਦੀਆਂ ਕੱਟੀਆਂ ਜੀਭਾਂ ਨੂੰ,
ਉਹਨੇ ਗਾਂਢਾਂ ਲਾਇਆ ਹੈ ਮੁੜਕੇ।
ਕੰਨਾਂ 'ਚੋਂ ਸਿੱਕੇ ਕੱਢ ਕੱਢ ਕੇ,
ਉਹਨੇ ਸੁਣਨ ਸਿਖਾਇਆ ਹੈ ਮੁੜਕੇ।
ਪਿੰਡਾਂ ਤੋਂ ਛੇਕੇ ਲੋਕਾਂ ਨੂੰ,
ਘਰ ਆਣ ਵਸਾਇਆ ਹੈ ਮੁੜਕੇ।
ਉਹਨੇ ਛੂਤ ਛਾਤ ਦੇ ਪਰਦੇ ਨੂੰ,
ਫਿਰ ਰਾਖ ਬਣਾਇਆ ਹੈ ਮੁੜਕੇ।

ਅੱਜ ਗੂੰਗੀਆਂ ਜੀਭਾਂ ਨੇ ਸਿੱਧੀ,
ਇਕ ਅਣਖ ਦੀ ਤਰਜ-ਬਿਆਨੀ ਏ।
ਇਹ ਦਾਤਾਂ ਮੰਗੂ ਰਾਮ ਦੀਆਂ,
ਜੋ ਆਦਿ-ਧਰਮ ਦਾ ਬਾਨੀ ਏ।

ਅੱਜ ਲੱਖਾਂ ਲੀਡਰ ਦਿਸਦੇ ਨੇ,
ਪਰ ਕੋਈ ਨਾ ਉਸ ਦਾ ਸਾਨੀ ਏ।
ਅੱਜ ਉਸਦੀ ਕਿਹੜਾ ਰੀਸ ਕਰੇ,
ਉਹ ਆਦਿ ਧਰਮ ਦਾ ਬਾਨੀ ਏ।

ਉਸ ਅੰਗਰੇਜ਼ਾਂ ਦੇ ਰਾਜ ਅੰਦਰ,
ਇਕ ਦੀਵਾ ਨਵਾਂ ਜਲਾਇਆ ਏ।
ਜਿਸ ਅੰਦਰ ਉਸ ਕੁਰਬਾਨੀ ਦਾ,
ਤੇਲ ਰੱਤ ਰੰਗੜਾ ਪਾਇਆ ਏ।
ਜੀਣੇ ਲਈ ਮਰਨਾ ਪੈਂਦਾ ਏ,
ਇਹ ਭੇਤ ਉਹਨੇ ਸਮਝਾਇਆ ਏ।
ਜਿਹਨੇ ਪਛੜਿਆਂ ਖਾਤਰ ਜੂਝਣ ਲਈ,
ਇਕ ਆਦਿ-ਦਲ ਬਣਾਇਆ ਏ।

ਉਹਨੇ ਦੇਸ਼ ਬਦੇਸ਼ ਦੇ ਵਿਚ ਫਿਰ ਕੇ,
ਇਕ ਖੋਜਿਆ ਢੰਗ ਆਜ਼ਾਦੀ ਦਾ।
ਜੋ ਕੌਮ ਨੂੰ ਢਾਹਾਂ ਲਾਉਂਦਾ ਸੀ,
ਰਾਹ ਰੋਕਿਆ ਉਸ ਬਰਬਾਦੀ ਦਾ।
ਮੂੰਹ ਮੋੜ ਜੁਆਬ ਉਹਨੇ ਦਿੱਤਾ,
ਹਰ ਫਿਰਕੂ ਸੋਚ ਫਸਾਦੀ ਦਾ।
ਇਹ ਉਸਦੇ ਘੋਲ ਦਾ ਸਦਕਾ ਹੈ,
ਸਿਰ ਅੱਜ ਉੱਚਾ ਹਰ ਆਦੀ ਦਾ।

ਉਹਨੇ ਕਵੀਆਂ ਅਤੇ ਲਿਖਾਰੀਆਂ ਹੱਥ,
ਨਿਰਭੈ ਪਕੜਾਈ ਕਾਨੀ ਏ।
ਜਿਸ ਦੀਆਂ ਜੀਵਨ-ਜਾਚਾਂ ਸਭ,
ਉਹ ਆਦਿ-ਧਰਮ ਦਾ ਬਾਨੀ ਏ।

ਉਹ ਦੀ ਕਿਰਤ ਕੌਮ ਨੂੰ ਦੱਸਦੀ ਏ,
ਉਹ ਕਰਣ ਤੋਂ ਵੱਧ ਕੇ ਦਾਨੀ ਏ।
ਉਹਨੂੰ ਕੌਣ ਭੁਲਾ ਸਕਦਾ 'ਖੇਦੀ',
ਉਹ ਆਦਿ-ਧਰਮ ਦਾ ਬਾਨੀ ਏ।

# ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਸ. ਜਸਵੰਤ ਸਿੰਘ ਕੰਵਲ ਸ਼ਤਾਬਦੀ ਰਾਸ਼ਟਰੀ ਸੈਮੀਨਾਰ ਦਾ ਆਰੰਭ

**ਲੁਧਿਆਣਾ–** ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਆਯੋਜਿਤ ਸ. ਜਸਵੰਤ ਸਿੰਘ ਕੰਵਲ ਰਾਸ਼ਟਰੀ ਸ਼ਤਾਬਦੀ ਸੈਮੀਨਾਰ ਦਾ ਉਦਘਾਟਨੀ ਸੈਸ਼ਨ ਅੱਜ 16 ਅਗਸਤ ਨੂੰ ਪੰਜਾਬੀ ਭਵਨ ਵਿਖੇ ਆਰੰਭ ਹੋਇਆ। ਇਸ ਦੇ ਆਰੰਭ ਵਿਚ ਡਾ. ਗੁਰਇਕਬਾਲ ਸਿੰਘ ਨੇ ਆਏ ਡੈਲੀਗੇਟਾਂ ਦਾ ਸਵਾਗਤ ਕੀਤਾ। ਅਕਾਡਮੀ ਦੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਸੈਮੀਨਾਰ ਦੇ ਵਿਸ਼ੇ ਅਤੇ ਸ. ਜਸਵੰਤ ਸਿੰਘ ਕੰਵਲ ਬਾਰੇ ਮੁੱਢਲੇ ਸ਼ਬਦ ਕਹੇ। ਸੈਮੀਨਾਰ ਦਾ ਮੁਖ ਸੁਰ ਭਾਸ਼ਣ ਡਾ. ਬਲਦੇਵ ਸਿੰਘ ਧਾਲੀਵਾਲ ਨੇ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਤਕ ਦੀ ਪੰਜਾਬੀ ਆਲੋਚਨਾ ਅਪਵਾਦਾਂ ਨੂੰ ਛੱਡ ਕੇ ਜਸਵੰਤ ਸਿੰਘ ਕੰਵਲ ਦੀ ਗਲਪ ਕਲਾ ਨਾਲ ਇਨਸਾਫ਼ ਨਹੀਂ ਕਰਦੀ। ਇਹ ਆਲੋਚਨਾ ਜਾਂ ਤਾਂ ਨਿਸ਼ਚਿਤ ਵਿਚਾਰਧਾਰਾਈ ਨੁਕਤੇ ਤੋਂ ਕੀਤੀ ਗਈ ਹੈ ਅਤੇ ਕੰਵਲ ਦੀ ਗਲਪ ਕਲਾ ਨੂੰ ਨਜ਼ਰ ਅੰਦਾਜ਼ ਕਰਦੀ ਹੈ ਤੇ ਜਾਂ ਫਿਰ ਕੰਵਲ ਦੀ ਲੇਖਣੀ ਦੀ ਥਾਂ ਕੰਵਲ ਦੇ ਵਿਅਕਤਿਤਵ ਦੇ ਅੰਤਰ-ਵਿਰੋਧਾਂ ਵਲ ਸੇਧਿਤ ਹੈ। ਉਨ੍ਹਾਂ ਅਨੁਸਾਰ ਸਵੰਤ ਸਿੰਘ ਕੰਵਲ ਪੰਜਾਬ ਦੀ ਕਿਸਾਨੀ ਦੇ ਅਨੁਭਵ ਉਸ ਦੀ ਵਿਚਾਰਧਾਰਾ ਨੂੰ ਵਿਲੱਖਣ ਕਿਸਮ ਦੀ ਗਲਪ ਭਾਸ਼ਾ ਵਿਚ ਪ੍ਰਗਟ ਕਰਦਾ ਕਲਾਤਮਕ ਗਲਪ ਦੀ ਸਿਰਜਣਾ ਕਰਦਾ ਹੈ।

ਸੈਮੀਨਾਰ ਦੇ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਨਾਵਲਕਾਰ ਸ. ਬਲਦੇਵ ਸਿੰਘ ਸੜਕਨਾਮਾ ਨੇ ਆਪਣੇ ਨਿੱਜੀ ਵੇਰਵੇ ਸਾਂਝੇ ਕਰਦੇ ਹੋਏ ਕਿਹਾ ਕਿ ਜਸਵੰਤ ਸਿੰਘ ਕੰਵਲ ਨੇ ਪੰਜਾਬ ਦੇ ਨੌਜਵਾਨਾਂ ਨੂੰ ਹੀ ਪ੍ਰੇਰਿਤ ਨਹੀਂ ਕੀਤਾ ਸਗੋਂ ਨਵੇਂ ਲੇਖਕਾਂ ਨੂੰ ਵੀ ਉਤਸ਼ਾਹਿਤ ਕੀਤਾ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਆਪਣੇ ਭਾਸ਼ਣ ਵਿਚ ਪੰਜਾਬ ਦੀ ਪ੍ਰਤਿਰੋਧੀ ਪਰੰਪਰਾ ਨੂੰ ਜਸਵੰਤ ਸਿੰਘ ਕੰਵਲ ਦੇ ਯੋਗਦਾਨ ਨੂੰ ਉਭਾਰਿਆ। ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸ. ਜਸਵੰਤ ਸਿੰਘ ਕੰਵਲ ਇਕ ਅਜਿਹਾ ਚੌਮੁਖੀਆ ਦੀਵਾ ਹੈ ਜੋ ਪੰਜਾਬ ਨੂੰ ਰੁਸ਼ਨਾਉਣਾ ਚਾਹੁੰਦਾ ਹੈ। ਉਹ ਇਸ ਮਕਸਦ ਲਈ ਖ਼ੁਦ ਬਲਿਆ ਹੈ। ਇਸ ਲਈ ਉਸ ਨੂੰ ਸਾਹਿਤਕ ਵਿਧਾਵਾਂ ਦੇ ਚੌਖਟੇ ਵਿਚ ਬੰਨ ਕੇ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਪ੍ਰਧਾਨਗੀ ਮੰਡਲ, ਆਏ ਹੋਏ ਲੇਖਕਾਂ ਅਤੇ ਯੂਨੀਵਰਸਿਟੀਆਂ ਤੋਂ ਆਏ ਖੋਜਾਰਥੀਆਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।



ਇਸ ਉਦਘਾਟਨੀ ਸੈਸ਼ਨ ਵਿਚ ਹੋਰਾਂ ਤੋਂ ਇਲਾਵਾ ਪ੍ਰਸਿੱਧ ਵਿਦਵਾਨ ਅਮਰਜੀਤ ਸਿੰਘ ਗਰੇਵਾਲ, ਸੁਮੇਲ ਸਿੰਘ ਸਿੱਧੂ ,ਡਾ. ਜਗਵਿੰਦਰ ਜੋਧਾ, ਡਾ. ਗੁਲਜ਼ਾਰ ਸਿੰਘ ਪੰਧੇਰ, ਸ. ਗੁਲਜ਼ਾਰ ਸਿੰਘ ਸ਼ੌਕੀ, ਸ. ਬਲਵਿੰਦਰ ਸਿੰਘ ਗਰੇਵਾਲ, ਡਾ. ਐਸ. ਐਨ.ਸੇਵਕ, ਸ. ਕਰਮਜੀਤ ਸਿੰਘ ਔਜਲਾ, ਅਕਾਡਮੀ ਦੇ ਸਰਪ੍ਰਸਤ ਸ. ਹਕੀਕਤ ਸਿੰਘ ਮਾਂਗਟ ਅਤੇ ਸ. ਚਰਨਜੀਤ ਸਿੰਘ, ਕਰਨਲ ਦਲਵਿੰਦਰ ਸਿੰਘ ਗਰੇਵਾਲ, ਸੁਰਿੰਦਰ ਦੀਪ, ਅਮਨਦੀਪ ਕੌਰ, ਹਰਜਿੰਦਰ ਕੌਰ ਸੱਧਰ, ਸ. ਬਲਕੌਰ ਸਿੰਘ ਗਿੱਲ, ਡਾ. ਹਰਜੀਤ ਸਿੰਘ ਸੱਧਰ, ਗੌਰਵ ਅਰੋੜਾ, ਕਮਲਜੀਤ ਕੌਰ, ਸੁਰਿੰਦਰ ਕੌਰ ਆਦਿ ਹਾਜ਼ਰ ਸਨ।

# ਜਦੋਂ ਸਾਬਣ ਬਣਾਉਣ ਲਈ ਨਿਮੋਲੀਆਂ ਚੁੱਗਣ ਜਾਂਦੇ



ਮੇਜਰ ਸਿੰਘ ਨਾਭਾ
91-94635-53962

ਨਿੰਮ ਦਾ ਦਰੱਖਤ ਸਾਡੇ ਲਈ ਬਹੁਤ ਲਾਹੇਵੰਦ ਹੈ।ਇਸ ਦੀ ਲਕੜੀ ਵਧੀਆ ਤਾਂ ਹੁੰਦੀ ਹੀ ਹੈ ਸਗੋਂ ਗੁਣਕਾਰੀ ਵੀ ਹੁੰਦੀ ਹੈ।ਨਿੰਮ ਦਾ ਘੋਟਣਾ ਅਜੇ ਵੀ ਰਸੋਈ ਦੀ ਸ਼ਾਨ ਹੈ। ਨਿੰਮ ਦੇ ਪੱਤੇ ਵੀ ਕਈ ਬਿਮਾਰੀਆਂ ਦੇ ਇਲਾਜ ਲਈ ਲਾਹੇਵੰਦ ਹਨ। ਨਿੰਮ ਦੀਆਂ ਨਿਮੋਲੀਆਂ ਦਵਾਈਆਂ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਸਾਬਣ ਵੀ ਤਿਆਰ ਕੀਤਾ ਜਾਂਦਾ ਹੈ।ਪਿੰਡਾਂ 'ਚ ਹੁਣ ਟਾਵੇਂ ਘਰ ਦੇ ਵਹਿੜੇ ਵਿੱਚ ਨਿੰਮ ਹੋਵੇਗੀ। ਉਂਝ ਘਰ ਦੇ ਵਿਹੜੇ 'ਚ ਨਿੰਮ ਹੋਣੀ ਵਧੀਆ ਮੰਨੀ ਜਾਂਦੀ ਹੈ। ਪਿਛਲੇ ਦਿਨੀਂ ਆਪਣੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਗਿਆ ਤਾਂ ਕਿਸੇ ਕੰਮ ਸਾਬਕਾ ਸਰਪੰਚ ਦੇ ਘਰ ਜਾਣਾ ਪਿਆ। ਉਨ੍ਹਾਂ ਦੇ ਮਾਤਾ ਜੀ ਦਰਵਾਜ਼ੇ ਦੇ ਨਾਲ ਬੈਠੇ ਨਿੰਮ ਦੀਆਂ ਨਿਮੋਲੀਆਂ ਨੂੰ ਮਧੋਲ ਕੇ ਟੂਟੀ ਹੇਠ ਪਾਣੀ ਨਾਲ ਧੋ ਕੇ ਹਿੜਕਾਂ ਸਾਫ਼ ਕਰਕੇ ਨਿਕਾਲ ਰਹੇ ਸੀ। ਇਹ ਨਿਮੋਲੀਆਂ ਉਨ੍ਹਾਂ ਦੇ ਗੇਟ ਅੱਗੇ ਖੜ੍ਹੀ ਨਿੰਮ ਦੀਆਂ ਸਨ। ਮੇਰੇ ਜਿਹਨ ਵਿੱਚ ਪੰਜ ਦਹਾਕੇ ਪਹਿਲਾਂ ਬਚਪਨ ਦੇ ਨਿਮੋਲੀਆਂ ਨਾਲ ਜੁੜੇ ਦਿਨ ਯਾਦ ਆ ਗਏ। ਉਦੋਂ ਤਾਂ ਬਹੁਤੇ ਘਰਾਂ 'ਚ ਨਿੰਮ ਦਾ ਘਰ ਤਿਆਰ ਕੀਤਾ ਸਾਬਣ ਵਰਤਿਆ ਜਾਂਦਾ ਸੀ। ਅਸੀਂ ਵੀ ਹਰੇਕ ਸਾਲ ਇਨ੍ਹਾਂ ਦਿਨਾਂ ਵਿੱਚ ਪਿੰਡ ਦੀ ਫਿਰਨੀ ਦੁਆਲੇ ਨੇੜੇ ਤੇੜੇ ਦੀਆਂ ਨਿੰਮਾਂ ਹੇਠੋਂ ਨਿਮੋਲੀਆਂ ਚੁੱਗ ਕੇ ਲਿਆਉਂਦੇ। ਇੱਕ ਦਿਨ ਰਾਤ ਨੂੰ ਮੀਂਹ ਪਿਆ ਸੀ, ਸਵੇਰ ਦੇ ਹੁੰਦਿਆਂ ਮੈਂ ਮੇਰੇ ਚਾਚੇ ਨਾਲ ਜੋ ਕਿ ਮੈਥੋਂ ਪੰਜ ਛੇ ਸਾਲ ਵੱਡਾ ਹੋਊ ਆਲੇ ਦੁਆਲੇ ਖੇਤਾਂ ਵਿੱਚ, ਪਹਿਆਂ, ਸੂਏ ਦੀ ਪਟੜੀ ਆਦਿ ਤੇ ਨਿੰਮਾਂ ਤੋਂ ਨਿਮੋਲੀਆਂ ਚੁੱਗਣ ਲਈ ਥੈਲੇ ਆਦਿ ਲੈ ਕੇ ਚਲੇ ਗਏ। ਮੇਰੇ ਚਾਚੇ ਦਾ ਦੋਸਤ ਰਮੇਸ਼ ਵੀ ਨਾਲ ਸੀ। ਅਸੀਂ ਵੱਡੀਆਂ ਵੱਡੀਆਂ ਨਿੰਮਾਂ ਹੇਠ ਪਹਿਲਾਂ ਨਿਮੋਲੀਆਂ ਚੁੱਗਣ ਲੱਗ ਪਏ। ਅੱਕੋ ਮਾਈ ਦੇ ਟਿੱਬੇ ਉੱਪਰ ਖੜ੍ਹੀ ਨਿੰਮ ਦੀਆਂ ਨਿਮੋਲੀਆਂ ਚੁੱਗਣ ਦੂਰ ਹੋਣ ਕਾਰਨ ਕੋਈ ਜਾਂਦਾ ਨਹੀਂ ਸੀ।



ਅਸੀਂ ਪਹਿਲਾਂ ਉਥੇ ਚਲੇ ਗਏ। ਫੇਰੀਆਂ ਲਾਕੇ ਨਿਮੋਲੀਆਂ ਇਕੱਠੀਆਂ ਕਰ ਲਈਆਂ ਅਤੇ ਥੈਲਿਆਂ 'ਚ ਪਾ ਲਈਆਂ। ਪੰਡਤਾਂ ਦੇ ਰਮੇਸ਼ ਕੋਲ ਉਸ ਦਾ ਥੈਲਾ ਭਰ ਗਿਆ ਤੇ ਬਚਦੀਆਂ ਨਿਮੋਲੀਆਂ ਜ਼ਿਆਦਾ ਹੋਣ ਕਾਰਣ ਉਸਨੇ ਪਜਾਮਾ ਉਤਾਰ ਕੇ ਮੂਰੀਆਂ ਨੂੰ ਗੱਠ ਦੇ ਕੇ ਉਸ ਦੀਆਂ ਦੋਹਾਂ ਲੱਤਾਂ ਵਿੱਚ ਨਿਮੋਲੀਆਂ ਪਾ ਲਈਆਂ। ਇਸ ਤਰ੍ਹਾਂ ਉਸ ਦਿਨ ਅਸੀਂ ਵਾਹਵਾ ਨਿਮੋਲੀਆਂ ਘਰ ਲਿਆਂਦੀਆਂ। ਸਾਡੇ ਆਲੇ ਦੁਆਲੇ ਸਾਰੇ ਗੁਆਂਢੀ ਨਿਮੋਲੀਆਂ ਦਾ ਸਾਬਣ ਜਰੂਰ ਬਣਾਉਂਦੇ ਕਿਉਂ ਕਿ ਸਿਆਣਿਆਂ ਕਿਹਾ, 'ਘਰ ਦੀ ਮੁਰਗੀ ਦਾਲ ਬਰਾਬਰ'।ਪਿੰਡਾਂ ਵਿੱਚ ਲੋਕ ਉਸ ਸਮੇਂ ਜ਼ਿਆਦਾ ਚੀਜਾਂ ਘਰ ਬਣਾ ਕੇ ਹੀ ਵਰਤਦੇ ਸੀ। ਇਸ ਕਰਕੇ ਇਨ੍ਹਾਂ ਫਾਲਤੂ ਡਿਗੀਆਂ ਨਿਮੋਲੀਆਂ ਤੋਂ ਮੁਫਤ ਵਾਂਗ ਸਾਬਣ ਤਿਆਰ ਕਰ ਲੈਂਦੇ। ਉਸ ਸਮੇਂ ਤਕਰੀਬਨ ਸਾਰੇ ਘਰਾਂ 'ਚ ਹੱਥ ਨਾਲ ਆਟਾ ਪੀਸਣ ਵਾਲੀ ਚੱਕੀ ਹੁੰਦੀ ਸੀ। ਨਿਮੋਲੀਆਂ ਨੂੰ ਮਸਲ ਕੇ ਧੋ ਕੇ ਸੁਕਾ ਕੇ ਪਹਿਲਾਂ ਤਾਂ ਹੱਥ ਚੱਕੀ ਨਾਲ ਉਸ ਦਾ ਦਰੜ ਕਰ ਲਿਆ ਜਾਂਦਾ ਜਿਸ ਨਾਲ ਛਿਲਕੇ ਛੱਜ ਨਾਲ ਛੱਡ ਕੇ ਗੇਰੂ ਵੱਖਰੇ ਕਰ ਲਏ ਜਾਂਦੇ ਤੇ ਬਾਅਦ 'ਚ ਉੱਖਲੀ ਵਿੱਚ ਕੁੱਟ ਕੇ ਝਾਰਨੇ ਨਾਲ ਛਾਣਾ ਲਾ ਦਿੰਦੇ ਤੇ ਬਚੇ ਮੋਟੇ ਦਰੜ ਨੂੰ ਦੁਬਾਰਾ ਕੁੱਟ ਕੁੱਟ ਕੇ ਬਾਰੀਕ ਕਰ ਲੈਂਦੇ। ਇਸ ਪਾਊਡਰ ਰੂਪੀ ਨਿਮੋਲੀਆਂ ਨੂੰ ਵੱਡੇ ਖੁੱਲ੍ਹੇ ਤਸਲੇ ਵਿੱਚ ਪਾਕੇ ਹਿਸਾਬ ਨਾਲ ਕਸਟਕ ਸੋਡਾ ਪਾ ਕੇ ਸੋਟੇ ਨਾਲ ਘੋਟਾ ਲਾਇਆ ਜਾਂਦਾ ਜਿਸ ਨਾਲ ਕਾਸਟਕ ਸੋਡਾ ਘੁਲ੍ਹ ਜਾਂਦਾ।

ਖਾਲੀ ਪੀਪਿਆਂ ਤੋਂ ਗੱਡੀਆਂ ਵਾਲਿਆਂ ਤੋਂ ਬਣਵਾਏ ਝਾਰਨਿਆਂ ਵਗੈਰਾ 'ਚ ਪੂਰਾ ਘੋਟਿਆ ਮਿਸ਼ਰਣ ਪੁਰਾਣਾ ਕਪੜਾ ਪਾ ਕੇ ਜਮਾ ਲਿਆ ਜਾਂਦਾ ਤੇ ਫਿਰ ਸਾਬਣ ਦੀਆਂ ਟਿੱਕੀਆਂ ਕੱਟ ਲਈਆਂ ਜਾਂਦੀਆਂ।ਕਈ ਪਾਥੀਆਂ ਵਾਂਗ ਵੀ ਪੱਥ ਕੇ ਛੋਟੀਆਂ ਪਾਥੀ ਰੂਪੀ ਸਾਬਣ ਦੀਆਂ ਟਿੱਕੀਆਂ ਵੀ ਬਣਾ ਲੈਂਦੇ।ਨਿਮੋਲੀਆਂ ਚੁੱਗਣ ਵਾਲਾ ਰਮੇਸ਼ (ਪੂਰਾ ਨਾਂ ਰਮੇਸ਼ ਇੰਦਰ ਸ਼ਰਮਾ) ਪਿਛਲੇ ਸਾਲੀਂ ਹੀ ਪੀ. ਐੱਨ. ਬੀ.'ਚੋਂ ਚੀਫ ਮਨੈਜਰ ਰਿਟਾਇਰ ਹੋਇਆ ਹੈ। ਅੱਜ ਦੇ ਬੱਚੇ ਇਹੋ ਜਿਹੇ ਕੰਮ ਕਿਉਂ ਨਹੀਂ ਕਰਦੇ, ਇਸਨੂੰ ਮਾਪਿਆਂ ਅਤੇ ਸਮਾਜ ਲਈ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਨਿਮੋਲੀਆਂ ਤੋਂ ਬਣੀ ਸਾਬਣ ਅੱਜ ਦੀਆਂ ਬਜਾਰੂ ਨੀਮ ਦੀਆਂ ਸਾਬਣ ਦੀਆਂ ਟਿੱਕੀਆਂ ਤੋਂ ਕਿਤੇ ਵਧੀਆ ਹੁੰਦੀ। ਸਰਕਾਰ ਨੂੰ ਇਸ ਘਰੇਲੂ ਨੁਕਤਿਆਂ ਨੂੰ ਅੱਜ ਦੇ ਸਮੇਂ ਵੀ ਨਵੀਆਂ ਤਕਨੀਕਾਂ ਨਾਲ ਲੋਕਾਂ 'ਚ ਪ੍ਰਫੁੱਲਤ ਕਰਨ ਦੀ ਲੋੜ ਹੈ ਤਾਂ ਕਿ ਨਿੰਮਾਂ ਦੀਆਂ ਨਿਮੋਲੀਆਂ ਨੂੰ ਆਮਦਨੀ ਦਾ ਸਾਧਨ ਬਣਾਇਆ ਜਾ ਸਕੇ।




# Buying or Selling any Business? Call Now 916-271-5404

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sale: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




**BERKSHIRE HATHAWAY**
**Home Services**
**Elite Real Estate**

# OFFICE: 7412 ELSIE AVE., SACRAMENTO, CA 95828

# ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ (ਯੂ.ਐਸ.ਏ.)

ਜ਼ਖਮੀ ਪਾਣੀ ਬਿਨ ਮੱਛੀਆਂ ਵਾਂਗ ਤੜਫੇ, ਨਾਲੇ ਖ਼ੂਨ ਦੇ ਹੋਏ ਰਵਾਲ ਏਥੇ।

## ਜੱਲ੍ਹਿਆਂਵਾਲੇ ਬਾਗ ਦੇ ਖ਼ੂਨੀ ਘਾਣ ਦੀ ਦਾਸਤਾਂ ਬਿਆਨ ਕਰਦਾ

# "ਮੇਲਾ ਗਦਰੀ ਬਾਬਿਆਂ ਦਾ"

## ਐਤਵਾਰ, 1 ਸਤੰਬਰ 2019, ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ

**ਸਥਾਨ: ਐਸ. ਈ. ਐਸ. ਹਾਲ, 10428 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੂਵ, ਸੈਕਰਾਮੈਂਟੋ, ਕੈਲੀਫੋਰਨੀਆ 95624**




ਸਤਿਕਾਰਯੋਗ ਭੈਣੋ ਤੇ ਭਰਾਓ,

ਅੰਮ੍ਰਿਤਸਰ ਦੀ ਪਵਿਤਰ ਧਰਤੀ 'ਤੇ ਜੱਲ੍ਹਿਆਂਵਾਲੇ ਬਾਗ ਵਿਚ ਬਰਤਾਨਵੀ ਸਾਮਰਾਜ ਦੇ ਬੁੱਚੜ ਜਨਰਲ ਡਾਇਰ ਵਲੋਂ ਨਚਾਏ ਮੌਤ ਦੇ ਤਾਂਡਵ ਨਾਚ ਨੂੰ ਅੱਜ ਸੌ ਵਰ੍ਹੇ ਤੋਂ ਉਪਰ ਹੋ ਗਿਆ ਹੈ। ਵਿਸਾਖੀ ਵਾਲੇ ਦਿਨ, 13 ਅਪਰੈਲ 1919 ਨੂੰ ਰੌਲਟ ਐਕਟ ਦੇ ਖਿਲਾਫ ਪੁਰ ਅਮਨ ਰੋਸ ਪ੍ਰਗਟ ਕਰਨ ਲਈ ਇਕੱਠੇ ਹੋਏ ਲੋਕਾਂ 'ਤੇ ਮੌਤ ਦਾ ਇਹ ਕਹਿਰ ਟੁੱਟਿਆ ਸੀ। ਉਥੇ ਲਹੂ ਦੇ ਛੱਪੜ ਤੇ ਲਾਸ਼ਾਂ ਦੇ ਢੇਰ ਲੱਗੇ। ਜ਼ਖਮੀਆਂ ਦੀਆਂ ਚੀਕਾਂ, ਕੂਕਾਂ ਰਾਤ ਭਰ ਅੰਗਰੇਜ਼ੀ ਸਰਕਾਰ ਦੇ ਕੀਰਨੇ ਪਾਉਂਦੀਆਂ ਰਹੀਆਂ। ਕੂਚਾ ਕੋੜੀਆਂ ਵਾਲਾ ਹਾਲੇ ਵੀ ਗਰਭਵਤੀ ਔਰਤਾਂ ਦੇ ਢਿੱਡ ਭਾਰ ਰਿੜ੍ਹ ਕੇ ਲੰਘਣ ਦੀ ਗਵਾਹੀ ਭਰਦਾ ਹੈ।

ਆਓ! ਬਰਤਾਨਵੀ ਸਰਕਾਰ ਤੋਂ ਇਸ ਘਿਣਾਉਣੇ ਪਾਪ ਦੀ ਮੁਆਫੀ ਮੰਗਵਾਉਣ ਲਈ ਜੋਰਦਾਰ ਅਵਾਜ਼ ਬੁਲੰਦ ਕਰੀਏ। ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ। ਤੁਹਾਡੇ ਭਰਵੇਂ ਹੁੰਗਾਰੇ ਦੀ ਆਸ ਨਾਲ।



ਡਾ. ਸਤਿਆਪਾਲ



ਸ਼ਹੀਦ ਊਧਮ ਸਿੰਘ ਸੁਨਾਮ



ਡਾ. ਸੈਫੂਦੀਨ ਕਿਚਲੂ

*"ਹੋਏ 'ਜ਼ਮਜ਼ਮ' ਤੇ 'ਗੰਗਾ' ਇਕ ਥਾਂ 'ਕੱਠੇ, ਰਲਿਆ ਖ਼ੂਨ ਹਿੰਦੂ-ਮੁਸਲਮਾਨ ਏਥੇ।" -ਬਾਬੂ ਫਿਰੋਜ਼ਦੀਨ ਸ਼ਰਫ*

### ਪਹੁੰਚ ਰਹੀਆਂ ਸ਼ਖ਼ਸੀਅਤਾਂ

ਬੀਬੀ ਮਾਲਵਿੰਦਰ ਕੌਰ, ਬੀਬੀ ਕਰਨੈਲ ਕੌਰ ਈਸੜੂ
ਦਲਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ
ਜਗਦੀਸ਼ ਖੰਗੂੜਾ (ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ) ਅਤੇ ਨਾਮਧਾਰੀ ਸੰਗਤ

### ਸਭਿਆਚਾਰਕ ਪ੍ਰੋਗਰਾਮ

ਢਾਡੀ ਜਥਾ, ਪੰਮੀ ਮਾਨ, ਜੀਵਨ ਰੱਤੂ, ਪੂਨਮ ਮਲਹੋਤਰਾ ਤੇ ਹੋਰ
ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ

### ਗਾਇਕ



ਗਿੱਲ ਹਰਦੀਪ



ਮੱਖਣ ਬਰਾੜ

**ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ; ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ**

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਫੋਨ: 916-420-2390
ਸਕੱਤਰ ਗਿਆਨ ਸਿੰਘ ਬਿਲਗਾ ਫੋਨ: 661-397-7330
ਖਜ਼ਾਨਚੀ ਜਗਜੀਤ ਸਿੰਘ ਗਿੱਲ ਫੋਨ: 209-985-1552
ਸਤਵਿੰਦਰ ਸਿੰਘ ਰਾਣਾ ਫੋਨ: 559-514-9777

ਰੁਪਿੰਦਰ ਸਿੰਘ ਸੰਘਾ, ਫੋਨ: 530-682-7810 ਬਲਵੰਤ ਬਾਂਕਾ, ਫੋਨ: 916-271-4216 ਸੁਰਿੰਦਰ ਸਿੰਘ ਗਿੱਲ, ਫੋਨ: 209-594-5602

**ਪ੍ਰਬੰਧਕ:** ਸੁਮਿੱਤਰ ਸਿੰਘ ਉਪਲ, ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਮਾਸਟਰ ਬਲਬੀਰ ਸਿੰਘ ਬੇਕਰਜ਼ਫੀਲਡ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਭਾਗ ਸਿੰਘ ਰੱਕੜ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਅੰਮ੍ਰਿਤਪਾਲ ਭਠਲਾਵਾ, ਸਤਵਿੰਦਰ ਸਿੰਘ ਰਾਣਾ, ਮਨਦੀਪ ਸਿੰਘ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਪਿਆਰਾ ਸਿੰਘ ਗੋਸਲ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਸਤਵੀਰ ਸਿੰਘ ਖਪਰਾ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੋਲਡਨ ਸਟੇਟ ਇੰਕ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼, ਸੁੱਚਾ ਰਾਮ ਭਾਰਟਾ, ਪ੍ਰਿਤਪਾਲ ਸਿੰਘ ਭੋਗਲ; ਨਾਮਧਾਰੀ ਸੰਗਤ।

Video & Photography: Shiara Singh Dhindsa, Omni Video 661-703-6664, www.omnivideousa.com